ISSN 0972-2335

ਅੰਮ੍ਰਿਤ ਕੀਰਤਨ

ਅਪ੍ਰੈਲ 2018

ਧੰਨ ਜੀਓ ਤਹਿ ਕੋ ਜਗ ਮੈ
ਮੁਖ ਤੇ ਹਰਿ ਚਿਤ ਮੇ ਜੁਧ ਬਿਚਾਰੈ
ਦੇਹ ਅਨਿਤ ਨ ਨਿਤ ਰਹੈ
ਜਸ ਨਾਵ ਚੜੈ ਭਵ ਸਾਗਰ ਤਾਰੈ
ਧੀਰਜ ਧਾਮ ਬਨਾਇ ਇਹੈ ਤਨ
ਬੁਧ ਸੋ ਦੀਪਕ ਜਿਉਂ ਉਜਿਆਰੈ
ਗਿਆਨਹਿ ਕੀ ਬਢਨੀ ਮਨੋ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

ਜਹਾਂ ਦਾਣੇ ਤਹਾਂ ਖਾਣੇ

ਪੁਰਸ਼ ਸੋਚਦਾ ਮਨ ਵਿਚ ਬਹੁਤ ਸੋਚਾਂ,
ਚਲਣਾ ਪੈਂਦਾ ਵਾਹਿਗੁਰੂ ਭਾਣਿਆਂ ਤੇ।

ਕਿੱਥੋਂ ਪਾਵਣਾ ਜਲ ਅਨਾਜ ਲਿਖਿਆ,
ਪੰਛੀ ਵਾਂਗ ਫਿਰਦਾ ਉਨ੍ਹਾਂ ਦਾਣਿਆਂ ਤੇ।

ਪਾਲਣ ਪੇਟ ਪਰਵਾਹ ਨ ਰਾਜਿਆਂ ਨੂੰ,
ਸਫਰ ਪੈਂਵਦਾ ਉਨ੍ਹਾਂ ਘਰਾਣਿਆਂ ਤੇ।

ਭਾਗਾਂ ਨਾਲ ਹੀ ਮੇਲ ਸੰਤੋਖ ਹੁੰਦੇ,
ਕਰਦਾ ਮਿਹਰ ਜਦ ਸਾਈਂ ਅਜਾਣਿਆਂ ਤੇ।

जहाँ दाणे तहाँ खाणे

पुरुष सोचदा मन विच्च बहुत सोचाँ,
चलणा पैंदा वाहिगुरु भाणिआँ ते।

कित्थों पावणा जल अनाज लिखिआ,
पंछी वाँग फिरदा उन्हाँ दाणिआँ ते।

पालण पेट प्रवाह न राज्आँ नूं,
सफर पैंवदा उन्हाँ घराणिआँ ते।

भागाँ नाल ही मेल संतोख हुंदे,
करदा मेहर जद साईं अजाणिआँ ते।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ

- ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

ਇਸ ਅੰਕ ਵਿਚ

ਸੰਪਾਦਕੀ: ਕਰਉ ਬੇਨੰਤੀਆ: Do Good Anyway	2
ਗੁਰਮਤਿ ਸੰਗੀਤ ਵਿਚ ਰਾਗ ਮਾਝ – ਡਾ. ਗੁਰਨਾਮ ਸਿੰਘ	3
ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਕ ਅਧਿਐਨ – ਪ੍ਰੋ: ਤਾਰਾ ਸਿੰਘ	5
ਰੀਵੀਉ – ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪਰੰਪਰਾ – ਜਗਤਾਰ ਜੀਤ ਸਿੰਘ	17
ਬਹੁਪੱਖੀ ਸ਼ਖ਼ਸੀਅਤ – ਭਾਈ ਕਰਮ ਸਿੰਘ ਰਤਨ – ਸਤਨਾਮ ਸਿੰਘ	19
ਰਾਗ ਸੂਹਾ ਕਾਨੜ੍ਹਾ – ਗੁਰਬਖ਼ਸ਼ ਸਿੰਘ	ਟਾ:3
ਸੁਰਲਿਪੀ ਵਾਲੇ ਸ਼ਬਦ ਦੇ ਅਰਥ	ਟਾ:4

ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A, Chandigarh-160015

Do Good Anyway

ਅੱਜ ਕਲ੍ਹ ਇੱਕ ਪੁਸਤਕ ਪੜ੍ਹ ਰਿਹਾ ਹਾਂ **REAL LEADERSHIP THE COLLECTION BY JOHN C. MAXWELL** ਇਸ ਪੁਸਤਕ ਵਿੱਚ ਉਹ ਇੱਕ ਕਵਿਤਾ ਦਿੰਦਾ ਹੈ ਜਿਸਦਾ ਨਾਮ ਹੈ **PARADOXICAL COMMANDMENTS OF LEADERSHIP by Kent** Keith and published in 1968 in a pamphlet titled "The Silent Revolution: Dynamic Leadership in the Student Council".

1. *People are illogical, unreasonable, and self-centered. Love them anyway.*
2. *If you do good, people will accuse you of selfish ulterior motives. Do good anyway.*
3. *If you are successful, you win false friends and true enemies. Succeed anyway.*
4. *The good you do today will be forgotten tomorrow. Do good anyway.*
5. *Honesty and frankness make you vulnerable. Be honest and frank anyway.*
6. *The biggest men with the biggest ideas can be shot down by the smallest men with the smallest minds. Think big anyway.*
7. *People favor underdogs, but follow only top dogs. Fight for a few underdogs anyway.*
8. *What you spend years building may be destroyed overnight. Build anyway.*
9. *People really need help but may attack you if you do help them. Help people anyway.*
10. *Give the world the best you have and you'll get kicked in the teeth. Give the world the best you have anyway.*

ਬਾਅਦ ਵਿੱਚ ਇਹ ਵੀ ਪੜ੍ਹਿਆ ਕਿ ਇਹ ਕਵਿਤਾ ਮਦਰ ਟਰੇਸਾ ਦੇ ਕਮਰੇ ਦੀ ਦੀਵਾਰ ਤੇ ਟੰਗੀ ਹੋਈ ਸੀ। ਇਸ ਤੋਂ ਪ੍ਰੇਰਨਾ ਲੈ ਕੇ ਉਹ ਸੰਸਾਰ ਦੀ ਮਹਾਨ ਇਸਤਰੀ ਬਣ ਗਈ। ਸਾਡੇ ਬਾਬਾ ਫਰੀਦ ਜੀ ਨੇ ਤਾਂ ਅੱਜ ਤੋਂ ਸੱਤ ਅੱਠ ਸੌ ਸਾਲ ਪਹਿਲਾਂ ਕਿਹਾ ਸੀ–

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥

ਅਸੀਂ ਵੀ ਪ੍ਰੇਰਨਾ ਲੈ ਸਕਦੇ ਹਾਂ। ਭੁੱਲ ਚੁੱਕ ਖਿਮਾ

ਗੁਰਮਤਿ ਸੰਗੀਤ ਵਿਚ ਰਾਗ ਮਾਝ

ਡਾ. ਗੁਰਨਾਮ ਸਿੰਘ

ਸੰਗੀਤ ਪਰੰਪਰਾ ਵਿਚ ਗਾਇਨ ਸ਼ੈਲੀਆਂ ਵਾਗੂੰ ਰਾਗਾਂ ਦੀ ਵੀ ਸਨਾਤਨੀ ਤੇ ਦੇਸੀ ਪ੍ਰਕਿਰਤੀ ਹੁੰਦੀ ਹੈ। ਸਨਾਤਨੀ ਰਾਗ ਉਹ ਜਿਨ੍ਹਾਂ ਦੀ ਉਤਪਤੀ ਜਾਂ ਆਦਿ ਸਰੋਤ ਸਨਾਤਨੀ ਪਰੰਪਰਾ ਵਿਚੋਂ ਅਤੇ ਦੇਸੀ ਰਾਗ ਦੇ ਉਤਪਤੀ ਦੇਸੀ ਤੇ ਇਲਾਕਾਈ ਸੰਗੀਤ ਤੇ ਸਭਿਆਚਾਰ ਵਿਚੋਂ ਸਵੀਕਾਰੀ ਜਾਂਦੀ ਹੈ। ਰਾਗਾਂ ਦੇ ਦੋਵੇਂ ਪ੍ਰਕਾਰ ਹੀ ਲੋਕਾਈ ਦੀਆਂ ਕਈ ਕਈ ਪੀੜੀਆਂ ਦੀ ਰਾਗ ਸਾਧਨਾ ਤੋਂ ਬਾਅਦ ਹੋਂਦ ਤੇ ਪ੍ਰਚਾਰ ਵਿਚ ਆਉਂਦੇ ਹਨ। ਸੰਗੀਤ ਦੀ ਦੁਨੀਆਂ ਵਿਚ ਰਾਗ ਸੁਰਾਤਮਕ ਸੁਹਜ ਪੱਖੋਂ ਭਰੇ ਪੂਰੇ ਦਰਿਆ ਹਨ ਜੋ ਸਦੀਆਂ ਤੋਂ ਵਹਿ ਰਹੇ ਹਨ। ਇਨ੍ਹਾਂ ਦਾ ਬੁਨਿਆਦੀ ਵਹਿਣ ਭਾਵੇਂ ਇਕੋ ਹੀ ਰਹਿੰਦਾ ਹੈ ਫਿਰ ਵੀ ਇਹ ਸਮਕਾਲੀ ਤੇ ਇਲਾਕਾਈ ਪ੍ਰਭਾਵ ਕਬੂਲਦੇ ਹਨ। ਇਸੇ ਕਰਕੇ ਰਾਗਾਂ ਦੇ ਕਈ ਵਿਭਿੰਨ ਰੂਪ ਤੇ ਕਈ ਰਾਗ ਪ੍ਰਕਾਰ ਪ੍ਰਚਲਿਤ ਹੋ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਰਾਗ ਮਾਝ ਹੈ। ਮਾਝ ਇਕ ਦੇਸੀ ਤੇ ਇਲਾਕਾਈ ਪਰੰਪਰਾ ਤੋਂ ਵਿਕਸਤ ਰਾਗ ਹੈ। ਗੁਰੂ ਕਾਲ ਤੋਂ ਪੂਰਵਲੇ ਭਾਰਤੀ ਗ੍ਰੰਥਾਂ ਵਿਚ ਇਸ ਦਾਉਲੇਖ ਨਹੀਂ ਮਿਲਦਾ। ਪੰਜਾਬ ਦੇ ਸੰਗੀਤ ਵਿਚ ਗੁਰੂ ਸਾਹਿਬਾਨਾਂ ਨੇ ਹੀ ਇਸ ਦਾ ਪ੍ਰਯੋਗ ਭਰਪੂਰ ਰੂਪ ਵਿਚ ਕੀਤਾ ਹੈ। ਪੰਜਾਬ ਦੇ ਮਾਝੇ ਇਲਾਕੇ ਨਾਲ ਇਸ ਦਾ ਗੂੜ੍ਹਾ ਸਬੰਧ ਹੈ। ਇਸ ਦੀ ਇਕ ਧੁਨੀ ਉੱਤੇ ਝਾਤ ਮਾਰੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ *ਵਾਰ ਮਾਝ ਕੀ ਤਥਾ ਸਲੋਕ ਮਹਲਾ ੧॥ ਮਲਕ ਮੁਰੀਦ ਤਥਾ ਚੰਦ੍ਰਹੜਾ, ਸੋਹੀਆ ਦੀ ਧੁਨੀ ਗਾਵਣੀ॥* ਦਰਜ ਹੈ। ਇਸ ਵਾਰ ਦੇ ਸੰਦਰਭ ਵਿਚ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਪਹਿਲਾ) ਪੰਨਾ 137 ਉੱਤੇ ਦਿੱਤੇ ਪ੍ਰਮਾਣ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਮਾਝ ਦਾ ਵਜ਼ਨ ਉਹੀ ਹੈ ਜੋ ਦੇਸ (ਮਾਝਾ ਇਲਾਕਾ) ਵਿਚ ਪ੍ਰਚਲਿਤ *ਮਲਕ ਮੁਰੀਦ ਵਾਲੀ* ਵਾਰ ਦਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਧੁਨੀ ਲਿਖ ਸਪੱਸ਼ਟ ਸੰਕੇਤ ਕੀਤਾ ਹੈ ਕਿ ਵਾਰ ਮਾਝ ਨੂੰ ਇਸ ਧੁਨੀ ਦੀ ਧਾਰਨਾ ਦੇ ਅੰਤਰਗਤ ਗਾਵਣਾ ਹੈ। ਭਾਵ ਕਿ ਮਾਝ ਰਾਗ ਦੀ ਪਉੜੀ *ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ* ਨੂੰ ਸਿਰਲੇਖ ਵਾਲੀ ਵਾਰ ਦੀ ਸੁਰ *ਕਾਬਲ ਇਹ ਮੁਰੀਦ ਖਾਂ ਫੜਿਆ ਬਡ ਜੋਰ* ਸੁਰ ਉੱਤੇ ਗਾਵਣਾ ਹੈ। ਕਾਵਿ ਦੀ ਅੰਤਰੀਵ ਦ੍ਰਿਸ਼ਟੀ ਨਾਲ ਦੇਖੀਏ ਤਾਂ ਦੋਵੇਂ ਵਾਰਾਂ ਦੇ ਸ਼ਬਦਾਂ ਦਾ ਤੋਲ ਤੁਕਾਂਤ ਤੇ ਵਜ਼ਨ ਵੀ ਮਿਲਦਾ ਹੈ। ਸੰਕੇਤਕ ਸਿਰਲੇਖ ਧੁਨੀ ਪੰਜਾਬ ਦੇ ਮਾਝੇ ਇਲਾਕੇ ਦੀ ਵਾਰ ਸੀ। ਮਾਝ ਰਾਗ ਜੋ ਪੰਜਾਬ ਦੇ ਮਾਝੇ ਇਲਾਕੇ ਦਾ ਰਾਗ ਹੈ, ਵਿਚ ਸਿਰਫ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਪ੍ਰਾਪਤ ਹੁੰਦੀ ਹੈ। ਹੋਰ ਕਿਸੇ ਸੰਤ ਭਗਤ ਦੀ ਬਾਣੀ ਇਸ ਵਿਚ ਦਰਜ ਨਹੀਂ ਮਿਲਦੀ। ਇਸ ਲਈ ਇਹ ਜਿੱਥੇ ਇਲਾਕਾਈ ਰਾਗ ਹੈ ਉੱਥੇ ਇਹ ਗੁਰਮਤਿ ਸੰਗੀਤ ਦੇ ਮੌਲਿਕ ਰਾਗਾਂ ਦੀ ਲੜੀ ਵਿਚ ਵੀ ਆਉਂਦਾ ਹੈ।

ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਸ਼ਟਪਦੀਆਂ ਤੇ ਵਾਰ, ਗੁਰੂ ਅਮਰਦਾਸ ਜੀ ਦੀਆਂ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਚਉਪਦੇ ਤੇ ਅਸ਼ਟਪਦੀਆਂ, ਗੁਰੂ ਅਰਜਨ ਦੇਵ ਜੀ ਦੇ ਚਉਪਦੇ, ਬਾਰਾਮਾਹ, ਅਸ਼ਟਪਦੀਆਂ ਤੇ ਦਿਨ ਰੈਣਿ ਬਾਣੀ ਰੂਪ ਵਿਚ ਸ਼ਬਦ ਦਰਜ ਹਨ। ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਆਪਣੇ ਰੂਹਾਨੀ ਅਨੁਭਵ ਨੂੰ ਇਉਂ ਬਿਆਨ ਕੀਤਾ ਹੈ :

ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥੨੩॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੮)

ਮਾਝ ਰਾਗ ਆਪਣੇ ਸੁਰਾਤਮਕ ਸੁਭਾਅ ਕਰਕੇ ਪੰਜਾਬ ਲੋਕ ਸੰਗੀਤ ਗਾਇਨ ਅੰਗ ਦੀ ਭਰਪੂਰਤਾ ਵਾਲਾ ਰਾਗ ਹੈ। ਇਸ ਦਾ ਗਾਇਨ ਕਰਨ ਲਈ ਗਾਇਕ ਰਾਗੀ ਦਾ ਰਾਗ ਪ੍ਰਬੀਨ ਹੋਣਾ ਜ਼ਰੂਰੀ ਹੈ ਤਾਂ ਹੀ ਇਸ ਦੀ ਸੁਰਾਤਮਕ ਚਾਲ ਨੂੰ ਸੰਭਾਲਿਆ ਜਾ ਸਕਦਾ ਹੈ ਕੇਵਲ ਸੁਰਾਂ ਨੂੰ ਟੋਹ ਟੋਹ ਕੇ ਗਾਉਣ ਨਾਲ ਇਹ ਰਾਗ ਨਹੀਂ ਬਣਦਾ। ਮਾਝ ਰਾਗ ਵਿਚ ਵੇਦਨਾ, ਤੜਪ ਤੇ ਭਾਵਾਂ ਦੀ ਤੀਖਣਤਾ ਤੀਬਰਤਾ ਬਿਆਨ ਕਰਨ ਦੀ ਅਥਾਹ ਸਮਰੱਥਾ

ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਮਾਝ ਮਹਲਾ ੫ ਸਿਰਲੇਖ ਅਧੀਨ ਸ਼ਬਦ *ਮੇਰਾ ਮਨੁ ਲੋਚੈ' ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬)* ਇਸ ਦੀ ਇਕ ਸਫ਼ਲ ਮਿਸਾਲ ਹੈ ਜਿਸ ਦੇ ਸਾਰੇ ਪਦ ਹੀ ਬੜੇ ਭਾਵਪੂਰਤ ਹਨ। ਇਸ ਤਰ੍ਹਾਂ ਮਾਝ ਰਾਗ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਵਿਭਿੰਨ ਬਾਣੀ ਦੇ ਵਿਸ਼ਿਆਂ ਨੂੰ ਛੋਹਿਆ ਹੈ। ਬਾਣੀ ਵਿਚ ਰਾਗ ਸਾਧਨ ਜਾਂ ਮਾਧਿਅਮ ਹੈ ਲਕਸ਼ ਨਹੀਂ ਇਸ ਲਈ ਅਸੀਂ ਹਰ ਰਾਗ ਦੀ ਚਰਚਾ ਇਸ ਸੰਦਰਭ ਵਿਚ ਕਰਾਂਗੇ।

ਭਾਰਤੀ ਸੰਗੀਤ ਵਿਚ ਇਸ ਰਾਗ ਦਾ ਸਰੂਪ ਮਾਝ ਖਮਾਜ ਜਾਂ ਮਾਂਝੀ ਰਾਗ ਕਰਕੇ ਸਮਕਾਲੀ ਰਾਗ ਦੇਸਾਂ ਵਿਚ ਉਲੇਖ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਸਰੂਪ ਇਸ ਤਰ੍ਹਾਂ ਪ੍ਰਵਾਨਿਆ ਗਿਆ ਹੈ, ਜਿਸ ਦਾ ਕਾਫੀ ਥਾਟ ਹੈ, ਜਿਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਕੀਤਾ ਗਿਆ ਹੈ। ਵਾਦੀ ਸੁਰ ਰਿਸ਼ਭ ਤੇ ਸੰਵਾਦੀ ਪੰਚਮ, ਗਾਇਨ ਸਮਾਂ ਰਾਤ ਦਾ ਪਹਲਿਾ ਪਹਿਰ ਅਤੇ ਜਾਤੀ ਔੜਵ ਸੰਪੂਰਨ ਮੰਨੀ ਗਈ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਾਗੂ ਚਿੱਤਰਕਲਾ ਦੁਆਰਾ ਰਾਗਾਂ ਨੂੰ ਉਜਾਗਰ ਕਰਨ ਦੇ ਯਤਨ ਵਿਚ ਚਿੱਤਰਕਾਰ ਦੇਵਿੰਦਰ ਸਿੰਘ ਚੰਡੀਗੜ੍ਹ ਸਹਾਈ ਹੋਏ ਜਿਨ੍ਹਾਂ ਰਾਗ ਮਾਝ ਨੂੰ ਬਾਣੀ ਦੇ ਆਧਾਰ ਤੇ ਬੜੇ ਭਾਵਪੂਰਤ ਵਿਧੀ ਨਾਲ ਸਮੂਤ ਕੀਤਾ ਹੈ। ਇਸ ਵਿਚ ਉਨ੍ਹਾਂ ਭਾਰਤੀ ਰਾਗ ਧਿਆਨ ਪਰੰਪਰਾ ਦੇ ਬਿੰਬ ਤੇ ਪ੍ਰਤੀਕ ਨਹੀਂ ਵਰਤੇ ਸਗੋਂ ਬਾਣੀ ਵਿਚ ਪ੍ਰਯੋਗ ਕੀਤੇ ਗਏ ਬਿੰਬਾਂ ਤੇ ਪ੍ਰਤੀਕਾਂ ਦੁਆਰਾ ਬਾਣੀ ਵਿਚਲੇ ਰਾਗ ਮਾਝ ਨੂੰ ਆਪਣੀ ਕਲਾ ਦੁਆਰਾ ਸਮੂਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਵਿਚ ਦਰਜ ਚਉਪਦਾ *ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥* ਨੂੰ ਮੁੱਖ ਅਧਾਰ ਬਣਾਇਆ ਹੈ।

ਸਮਕਾਲੀ ਗਾਇਨ ਵਿਚੋਂ ਰਿਕਾਰਡਿੰਗਜ਼ ਦੇ ਪੱਧਰ ਤੇ ਵੇਖੀਏ ਤਾਂ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸਾਂਤ, ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਬਖਸ਼ੀਸ਼ ਸਿੰਘ, ਭਾਈ ਨਿਰਮਲ ਸਿੰਘ, ਭਾਈ ਧਰਮ ਸਿੰਘ ਜਖਮੀ,ਪ੍ਰੋ. ਹਰਚੰਦ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਅਲੰਕਾਰ ਸਿੰਘ (ਪ੍ਰੋ.), ਭਾਈ ਹਰਪਿੰਦਰ ਸਿੰਘ, ਬੀਬੀ ਗੁਰਪ੍ਰੀਤ ਕੌਰ, ਭਾਈ ਕੁਲਤਾਰ ਸਿੰਘ, ਭਾਈ ਦੇਵਿੰਦਰ ਸਿੰਘ ਇਸ ਰਾਗ ਨੂੰ ਆਪੋ ਆਪਣੇ ਅੰਦਾਜ਼ ਵਿਚ ਗਾਉਂਦੇ ਹਨ। ਇਸ ਰਾਗ ਨੂੰ ਸਭ ਤੋਂ ਜ਼ਿਆਦਾ ਗਾਉਣ ਦਾ ਸੁਭਾਗ ਲੇਖਕ (ਡਾ. ਗੁਰਨਾਮ ਸਿੰਘ) ਨੂੰ ਹੀ ਪ੍ਰਾਪਤ ਹੋਇਆ ਜਿਸ ਵਿਚ ਧਰੁਪਦ, ਸ਼ਬਦ ਤੇ ਸੁਗਮ ਰੀਤ ਅੰਗ ਦੇ ਨਾਲ ਵਾਰ ਮਾਝ ਦੀਆਂ *ਜਾਤੀ ਦੈ ਕਿਆ ਹਥਿ ਸਚੁ ਪਰਖੀਐ॥* ਅਤੇ ਹੋਰ ਪਉੜੀਆਂ ਦਾ ਗਾਇਨ ਸੰਤ ਬਾਬਾ ਸੁੱਚਾ ਸਿੰਘ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਦੌਰਾਨ ਕਰਵਾਇਆ ਤੇ ਪ੍ਰਚਾਰਿਆ। ਇਸ ਤਰ੍ਹਾਂ ਇੰਗਲੈਂਡ ਵਾਲੇਪ੍ਰੋ. ਸੁਰਿੰਦਰ ਸਿੰਘ ਇਸ ਰਾਗ ਨੂੰ ਬੜੇ ਸੁਰੀਲੇ, ਭਾਵਪੂਰਤ ਤੇ ਸਹਿਜ ਅੰਦਾਜ਼ ਵਿਚ ਗਾਉਂਦੇ ਹਨ। ਗੁਰਮਤਿ ਸੰਗੀਤ ਦੀ ਅਗੰਮੀ ਪੀੜੀ ਵੀ ਇਸ ਰਾਗ ਨੂੰ ਗਾਉਣ ਵੱਲ ਰੁਚਿਤ ਹੈ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ –
ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਕ ਅਧਿਐਨ

ਪ੍ਰੋ: ਤਾਰਾ ਸਿੰਘ

ਸੰਗੀਤ ਉਹ ਆਕ੍ਰਸ਼ਿਕ ਲਲਿਤ ਕਲਾ ਹੈ ਜਿਸ ਦੁਆਰਾ ਸੰਗੀਤਕਾਰ ਆਪਣੇ ਹਿਰਦੇ ਦੇ ਸੂਖਸ਼ਮ ਭਾਵਾਂ ਨੂੰ ਸੁਰ ਅਤੇ ਲੈਯ ਦੇ ਮਾਧਿਅਮ ਰਾਹੀਂ ਸਾਕਾਰ ਕਰਦਾ ਹੈ।

ਭਾਰਤੀ ਸੰਗੀਤਾਚਾਰੀਆਂ ਨੇ ਸੰਗੀਤ ਦੀ ਪਰਿਭਾਸ਼ਾ ਇਸ ਤਰ੍ਹਾਂ ਨਿਰੂਪਣ ਕੀਤੀ ਹੈ, "ਗੀਤ ਵਾਦਯ ਤਥਾ ਨ੍ਰਿਤਯ ਤ੍ਰਯ ਸੰਗੀਤ ਮੁਚਯਤ"।[1] ਅਰਥਾਤ ਗਾਇਨ, ਵਾਦਨ ਅਤੇ ਨ੍ਰਿਤ ਇਨ੍ਹਾਂ ਤਿੰਨਾਂ ਕਲਾਵਾਂ ਨੂੰ ਸੰਗੀਤ ਕਹਿੰਦੇ ਹਨ।

ਸੰਗੀਤ ਇਕ ਵਿਸ਼ਵ ਵਿਆਪੀ ਕਲਾ ਹੈ। ਇਸ ਦੇ ਸੱਤ ਸੁਰ ਸਰਬਦੇਸ਼ੀ, ਅਰਥਾਤ ਸਮਸਤ ਖੰਡਾਂ, ਮੰਡਲਾਂ ਤੇ ਬ੍ਰਹਮੰਡਾਂ ਵਿੱਚ ਸਮਾਨ ਹਨ। ਸੰਗੀਤ ਦੇ ਸੁਰ, ਤਾਲ ਅਤੇ ਲੈਯ ਅੰਤਰ-ਰਾਸ਼ਟਰੀ ਹਨ। ਪਰੰਤੂ ਹਰ ਦੇਸ਼ ਦੇ ਲੋਕਾਂ ਦੀ ਪ੍ਰਕ੍ਰਿਤੀ ਰੁਚੀ ਅਤੇ ਰੀਤੀ ਰਿਵਾਜਾਂ ਦੇ ਪ੍ਰਭਾਵ ਕਾਰਣ ਇਨ੍ਹਾਂ ਦੀ ਪ੍ਰਯੋਗਿਕ ਵਿਧੀ ਵਿੱਚ ਅੰਤਰ ਹੋ ਜਾਂਦਾ ਹੈ। ਸੰਗੀਤ ਕਲਾ ਦੇ ਪ੍ਰਮੁੱਖ ਅੰਗ ਹਨ: (ੳ) ਸੁਰ ਅਤੇ (ਅ) ਤਾਲ। ਸੰਗੀਤ ਦੇ ਅਨੇਕ ਪੱਖਾਂ ਤੇ ਇਸ ਖੋਜ ਨਿਬੰਧ ਵਿੱਚ ਪ੍ਰਕਾਸ਼ ਪਾਉਣਾ ਤਾਂ ਅਸੰਭਵ ਹੈ। ਸੰਖੇਪ ਵਿਚ ਇਹੋ ਹੀ ਕਿਹਾ ਜਾ ਸਕਦਾ ਹੈ ਕਿ 22 ਸ਼ਰੁਤੀਆਂ ਅਤੇ ਤਬਲੇ ਦੇ 10 ਵਰਣਾਂ (ਬੋਲਾਂ) ਦੀ ਇਸ 32 ਅੱਖਰੀ ਵਰਣਮਾਲਾ ਵਿੱਚ ਭਾਰਤੀ ਸੰਗੀਤ ਦਾ ਸਾਰਾ ਰਹੱਸ ਛੁਪਿਆ ਹੋਇਆ ਹੈ।

ਗੁਰਬਾਣੀ ਸੰਗੀਤ ਕੋਈ ਅੱਡਰਾ ਸੰਗੀਤ ਨਹੀਂ ਇਹ ਭਾਰਤੀ ਸੰਗੀਤ ਦਾ ਹੀ ਅਨਿੱਖੜ ਅੰਗ ਹੈ। ਗੁਰਬਾਣੀ ਸੰਗੀਤ ਦਾ ਮੂਲ ਆਧਾਰ ਵੀ ਭਾਰਤੀ ਸੰਗੀਤ ਹੀ ਹੈ। ਪਰ ਇਸ ਦੀਆਂ ਕੁਝ ਮੌਲਿਕ ਵਿਸ਼ੇਸ਼ਤਾਵਾਂ ਵੀ ਹਨ ਜਿਸ ਕਾਰਣ ਇਸ ਨੇ ਭਾਰਤੀ ਸੰਗੀਤ ਵਿੱਚ ਇਕ ਨਿਵੇਕਲਾ ਸਥਾਨ ਪ੍ਰਾਪਤ ਕਰ ਲਿਆ ਹੈ।

ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿੱਚ ਕੀਰਤਨਕਾਰ ਜਦੋਂ ਤੰਤੀ ਸਾਜ਼ਾਂ ਨਾਲ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਸੁਰ-ਤਾਲ ਬਧ ਰਸ ਭਿੰਨਾ ਅਖੰਡ ਕੀਰਤਨ ਕਰਦੇ ਹਨ ਜਿਸ ਵਿੱਚ "ਰਹਾਉ ਅਤੇ ਪਦਿਆਂ ਦੇ ਅੰਕਾਂ" ਦਾ ਵਿਸ਼ੇਸ਼ ਧਿਆਨ ਰਖਿਆ ਗਿਆ ਹੋਵੇ ਜੋ ਪ੍ਰਾਣੀ ਮਾਤਰ ਦੇ ਚਿਤ ਨੂੰ ਨਾਮ ਸਿਮਰਨ ਦੁਆਰਾ ਸਹਿਜ ਅਵਸਥਾ ਰਾਹੀਂ ਅਕਾਲ ਪੁਰਖ ਨਾਲ ਜੋੜੇ ਉਸਨੂੰ ਗੁਰਬਾਣੀ ਸੰਗੀਤ ਦੀ ਸੰਗਿਆ ਦਿੱਤੀ ਜਾ ਸਕਦੀ ਹੈ।

ਗੁਰਬਾਣੀ ਸੰਗੀਤ ਦੇ ਸੰਥਾਪਕ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਦਾ ਵਿਸ਼ਾਲ ਦੇਸ਼ਾਟਨ ਅਤੇ ਇਸ ਦੌਰਾਨ ਅਨੇਕ ਵਿਅਕਤੀਆਂ ਅਤੇ ਸੰਸਥਾਵਾਂ ਦੇ ਪਰਸਪਰ-ਮੇਲ ਮਿਲਾਪ ਅਤੇ ਸੰਵਾਦਾਂ ਗੋਸ਼ਟੀਆਂ ਦੁਆਰਾ ਉਨ੍ਹਾਂ ਨੇ ਆਪਣੇ ਸਮੇਂ ਦੀ ਵਿਸ਼ਵ-ਸੰਸਕ੍ਰਿਤੀ ਦਾ ਮੰਥਨ ਕੀਤਾ। ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਵਿਦੇਸ਼ੀ, ਸ੍ਵਦੇਸ਼ੀ, ਉਤਕ੍ਰਿਸ਼ਟ ਤੇ ਲੌਕਿਕ ਅਤੇ ਅੰਤਰ-ਪ੍ਰਦੇਸੀ ਸਰੋਤਾਂ ਦੀਆਂ ਇਤਿਹਾਸਕ ਅਤੇ ਤੱਤ ਕਾਲਿਕ ਪ੍ਰਚਲਿਤ ਪਰੰਪਰਾਵਾਂ ਨਾਲ ਉਨ੍ਹਾਂ ਦਾ ਨਿਕਟਵਰਤੀ ਸੰਪਰਕ ਹੋਇਆ। ਆਪਣੀ ਨਿਜ ਆਤਮਾ ਦੀ ਵਿਰਾਟਤਾ ਤੇ ਦਿਬ-ਦ੍ਰਿਸ਼ਟੀ ਦੀ ਚੁੰਬਕੀ ਸ਼ਕਤੀ ਰਾਹੀਂ ਉਨ੍ਹਾਂ ਨੇ ਉਸ ਸਾਮਗਰੀ ਦੀ ਨਿਰਖ ਪਰਖ ਹੀ ਨਹੀਂ ਕੀਤੀ ਸਗੋਂ ਉਸਨੂੰ ਤਤਕਾਲਿਕ ਪ੍ਰਕਰਣ ਵਿੱਚ ਨਵੀਂ ਦਿਸ਼ਾ ਪ੍ਰਦਾਨ ਕੀਤੀ ਅਤੇ ਨਵਾਂ ਮਾਰਗ ਦਰਸ਼ਨ ਦਿੱਤਾ। ਸੰਗੀਤ, ਸਾਹਿਤ, ਭਾਸ਼ਾ, ਕਲਾ, ਸੰਸਕ੍ਰਿਤੀ ਅਤੇ ਧਾਰਮਿਕ ਮਨੌਤਾਂ ਦੇ ਸਬੰਧ ਵਿੱਚ ਉਨ੍ਹਾਂ ਦੁਆਰਾ ਲਿਆਂਦੇ ਗਏ ਇਸ ਕ੍ਰਾਂਤੀਕਾਰੀ ਪਰਿਵਰਤਨ ਨੇ ਭਾਰਤੀ ਧਰਮ, ਸੰਸਕ੍ਰਿਤੀ ਅਤੇ ਸੰਗੀਤ ਦੀ ਨਵੇਂ ਸਿਰਿਓ ਕਾਇਆ ਕਲਪ ਕਰ ਦਿਤੀ। ਇਸ ਦੇ ਭਿੰਨ ਭਿੰਨ ਲੋਕ ਤੱਤਾਂ ਨੂੰ ਲੋਕ ਜੀਵਨ ਤੋਂ ਵਿਛੁੰਨੇ ਨਾ ਰਹਿਣ ਦੇ ਕੇ ਇਨ੍ਹਾਂ ਨੂੰ ਮਾਨਵ ਕਲਿਆਣ ਅਤੇ ਆਤਮਕ ਉਥਾਨ ਦਾ ਇਕ ਨਵਾਂ ਮਾਧਿਅਮ ਬਣਾ ਦਿੱਤਾ। ਭਾਰਤੀ ਸੰਗੀਤ ਦਾ ਸਾਹਿਤ ਜੋ ਉਨ੍ਹਾਂ ਦੇ ਸਮੇਂ ਅਸ਼ਲੀਲਤਾ ਨਾਲ ਲੱਥ-ਪੱਥ ਹੋ ਚੁੱਕਾ ਸੀ, ਦੇ ਪੁਨਰ ਨਿਰਮਾਣ ਦੇ ਸਬੰਧ ਵਿੱਚ ਵੀ ਉਨ੍ਹਾ ਦਾ ਯੋਗਦਾਨ ਅਜਿਹਾ ਹੀ ਮਹਾਨ ਅਨੂਠਾ ਤੇ ਇਤਿਹਾਸਿਕ ਗੌਰਵ ਦਾ ਧਾਰਣੀ ਹੈ।

ਗੁਰਬਾਣੀ ਸੰਗੀਤ ਦੀ ਭਾਰਤੀ ਸੰਗੀਤ ਨਾਲੋਂ ਵਿਲੱਖਣਤਾ ਇਹ ਹੈ ਕਿ ਇਸਨੂੰ ਪ੍ਰਧਾਨ ਰੂਪ ਵਿੱਚ ਗੁਰਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ ਨੇ ਆਪਣੀਆਂ ਭਾਵਨਾਤਮਕ ਤੇ ਕਲਾਤਮਕ ਲੋੜਾਂ ਦੀ ਪੂਰਤੀ ਨੂੰ ਮੁੱਖ ਰੱਖ ਕੇ ਇਸ ਦੀ ਸਿਰਜਣਾ ਕੀਤੀ ਅਤੇ ਇਸਨੂੰ ਸੁਰ-ਤਾਲ-ਬੱਧ ਵੀ ਕੀਤਾ। ਇਨ੍ਹਾਂ ਵਿਚੋਂ ਬਹੁਤੇ ਗੁਰੂ ਨਾ ਕੇਵਲ ਸੰਗੀਤ ਪ੍ਰੇਮੀ ਹੀ ਸਨ ਸਗੋਂ ਉਚ ਕੋਟੀ ਦੇ ਗਾਇਕ ਵੀ ਸਨ।

[1] ਪੰਡਿਤ ਸ਼ਾਰੰਗਦੇਵ, ਸੰਗੀਤ ਰਤਨਾਕਰ, ਸ੍ਵਰ ਅਧਿਆਏ 22,

ਆਪਣੇ ਸਰੂਪ ਤੇ ਪ੍ਰਕ੍ਰਿਤੀ ਵਜੋਂ ਇਹ ਪ੍ਰਣਾਲੀ ਭਾਰਤੀ ਸੰਗੀਤ ਦੇ ਪ੍ਰਾਚੀਨ ਮਾਰਗੀ ਸੰਗੀਤ ਨਾਲ ਮਾਨਤਾ ਰੱਖਦੀ ਹੈ। ਜਿਸ ਦਾ ਮੁੱਖ ਉਦੇਸ਼ ਸੰਗੀਤ ਨੂੰ ਅਧਿਆਤਮਵਾਦੀ ਰੇਖਾਵਾਂ ਦੇ ਅੰਤਰਗਤ ਰੱਖ ਕੇ ਇਸ ਨੂੰ ਹੋਰ ਪ੍ਰਚਲਤ ਕਰਨਾ ਸੀ। ਗੁਰਬਾਣੀ ਵਿੱਚ ਇਸ ਮਨੋਰਥ ਦੇ ਅਨੇਕ ਕਥਨ ਮੌਜੂਦ ਹਨ ਜਿਨ੍ਹਾਂ ਵਿੱਚ ਆਪਣੇ ਆਪ ਹੀ ਕਲਾਮਕ ਆਦਰਸ਼ ਨਾ ਮਿਥ ਕੇ ਅਧਿਆਤਮਕ ਇਸ਼ਟ ਅਤੇ ਆਦਰਸ਼ ਦੇ ਮਾਧਿਅਮ ਵਜੋਂ ਵਰਤਣ ਦਾ ਸੰਕੇਤ ਕੀਤਾ ਗਿਆ ਹੈ। ਉਦਾਹਰਣ ਵਜੋਂ :-

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨ ਦੀਨਾ।
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ"।[2]

ਜਾਂ

"ਰਾਗ ਨਾਦ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ।
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ"।[3]

ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ ਰਬਾਬੀਆਂ ਦੀ ਸੰਗਤ ਨਾਲ ਜਾਂ ਆਪ ਸੁਤੰਤਰ ਰੂਪ ਵਿੱਚ ਗੁਰਬਾਣੀ ਦਾ ਕੀਰਤਨ ਕਰਦੇ ਰਹੇ ਹਨ ਅਤੇ ਗੁਰੂ ਅਰਜਨ ਦੇਵ ਜੀ ਨੇ ਤਾਂ ਕਿੱਤੇਦਾਰ ਰਬਾਬੀਆਂ ਦੀ ਥਾਂ ਗੁਰੂ ਕੇ ਸਿੱਖਾਂ ਵਿੱਚ ਹੀ ਕੀਰਤਨਕਾਰ ਅਤੇ ਸੰਗੀਤਾਚਾਰੀਆ ਬਣਾਉਣ ਦੀ ਪ੍ਰਥਾ ਤੋਰੀ।

ਗੁਰਬਾਣੀ ਸੰਗੀਤ ਵਿੱਚ ਕੇਵਲ ਪ੍ਰਮਾਣਿਕ ਬਾਣੀ ਦਾ ਹੀ ਕੀਰਤਨ ਕੀਤਾ ਜਾਂਦਾ ਹੈ ਪਰੰਤੂ ਭਾਰਤੀ ਸੰਗੀਤ ਵਿੱਚ ਕਿਸੇ ਨਾਇਕ ਜਾਂ ਗਾਇਕ ਦੀ ਕੋਈ ਰਚਨਾ ਗਾਈ ਜਾ ਸਕਦੀ ਹੈ।

ਮਾਰਗੀ ਸੰਗੀਤ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿੱਚ "ਦੇਸ਼ੀ ਸੰਗੀਤ" ਜੋ ਜਨ ਰੁਚੀ ਤੇ ਆਧਾਰਤ ਸੀ ਦੇ ਅੰਸ਼ ਵੀ ਗੁਰਬਾਣੀ ਸੰਗੀਤ ਵਿੱਚ ਸ਼ਾਮਲ ਕੀਤੇ ਗਏ ਹਨ। ਉਦਹਰਣ ਵਜੋਂ ਵਾਰ, ਸੋਹਲਾ, ਛੰਤ, ਬਾਰਾਮਾਹ, ਘੋੜੀਆਂ, ਆਲਾਹਣੀਆਂ ਆਦਿ।ਕਿੱਤੇਦਾਰ ਗਾਇਕਾਂ ਦੀ ਤੁਲਨਾ ਵਿੱਚ ਗੁਰੂ ਨਾਨਕ ਆਪਣੇ ਆਪ ਨੂੰ ਅਕਾਲ ਪੁਰਖ ਦਾ "ਢਾਢੀ" ਜਾਂ ਉਸਤਿਤਕਾਰ ਕਹਿੰਦੇ ਹਨ "ਹਉ ਢਾਢੀ ਕਾ ਨੀਚੁ ਜਾਤਿ ਹੋਰੁ ਉਤਮ ਜਾਤਿ ਸਦਾਇਦੇ"[4] ਜਾਂ "ਹਉ ਢਾਢੀ ਵੇਕਾਰੁ ਕਾਰੇ ਲਾਇਆ"।[5]

ਇਸ ਲੋਕ ਤਤਵ ਨੇ ਗੁਰਬਾਣੀ ਸੰਗੀਤ ਵਿੱਚ ਇਕ ਨਵੀਂ ਸ਼ਕਤੀ ਨੂੰ ਪ੍ਰਚਲਤ ਕੀਤਾ ਜਿਸ ਨਾਲ ਇਹ ਸੰਗੀਤ ਸਾਧਾਰਣ ਲੋਕਾਂ ਵਿੱਚ ਵੀ ਬੜਾ ਹਰਮਨ ਪਿਆਰਾ ਹੋਇਆ।

ਗੁਰਬਾਣੀ ਅਤੇ ਭਾਰਤੀ ਸੰਗੀਤ ਵਿੱਚ ਮੁੱਖ ਅੰਤਰ ਇਸ ਦੇ ਲੱਕਸ਼ ਵਿੱਚ ਹੈ। ਗੁਰਬਾਣੀ ਸੰਗੀਤ ਦਾ ਲੱਕਸ਼ ਈਸ਼ਵਰ ਉਪਾਸਨਾ ਹੈ ਅਤੇ ਭਾਰਤੀ ਸੰਗੀਤ ਵਿਚ ਮੱਧਕਾਲ ਦੀਆਂ ਕੁਝ ਅਧਿਆਤਮਕ ਰਚਨਾਵਾਂ ਤੋਂ ਬਿਨਾਂ (ਗੁਰੂ ਨਾਨਕ ਤੋਂ ਲੈ ਕੇ ਵਰਤਮਾਨ ਤੱਕ) ਵਧੇਰੇ ਕਰਕੇ ਮਨੋਰੰਜਨ ਦੀ ਪ੍ਰਧਾਨਤਾ ਹੈ।

ਗੁਰਬਾਣੀ ਸੰਗੀਤ ਵਿੱਚ ਪ੍ਰਯੁਕਤ ਕੀਤੀ ਗਈ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਾਲੀ ਦਾ ਸੰਬੰਧ ਅਧਿਆਤਮਵਾਦ ਨਾਲ ਹੈ, ਗੁਰਬਾਣੀ ਵਿੱਚ ਸ਼ਬਦ ਵਿਚਾਰ ਦੀ ਪ੍ਰਧਾਨਤਾ ਹੈ, ਸਗੋਂ ਸੰਗੀਤ ਮਾਧਿਅਮ ਹੈ ਗੁਰਬਾਣੀ ਦੀਆਂ ਕੋਮਲ ਭਾਵਨਾਵਾਂ ਨੂੰ ਉਜਾਗਰ ਕਰਨ ਦਾ। ਅਰਥਾਤ ਗੁਰਬਾਣੀ ਸੰਗੀਤ ਸ਼ਬਦ ਪ੍ਰਧਾਨ ਹੈ ਅਤੇ ਭਾਰਤੀ ਸੰਗੀਤ ਸੁਰ ਪ੍ਰਧਾਨ। ਗੁਰਬਾਣੀ ਗਾਇਨ ਦਾ ਮੁੱਖ ਉਦੇਸ਼ ਗੁਰਬਾਣੀ ਦੀਆਂ ਕੋਮਲ ਭਾਵਨਾਵਾਂ ਅਤੇ ਆਤਮਾ ਨੂੰ ਸ੍ਰੋਤਿਆਂ ਦੇ ਹਿਰਦਿਆਂ ਵਿੱਚ ਜਗਾਉਣਾ ਹੈ। ਇਸ ਲਈ ਇਥੇ ਸੁਰ, ਤਾਲ, ਲੈਯਕਾਰੀਆਂ, ਤਾਨਾਂ, ਬੋਲਤਾਨਾਂ, ਗਮਕ, ਮੀਂਡ, ਖਟਕਾ, ਮੁਰਕੀ ਅਤੇ ਸਰਗਮਾਂ ਦੀ ਭਰਮਾਰ ਦੀ ਥਾਂ ਸ਼ਬਦ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਸੁਰ-ਤਾਲ ਅਤੇ ਸੰਗੀਤ ਦੀਆਂ ਅਲੰਕਾਰਿਕ ਜੁਗਤੀਆਂ ਨੂੰ ਉਪਰੋਕਤ ਉਦੇਸ਼ ਦੇ ਅਧੀਨ ਹੀ ਰੱਖਿਆ ਜਾਂਦਾ ਹੈ।

ਗੁਰਬਾਣੀ ਸੰਗੀਤ ਵਿੱਚ ਭਾਰਤੀ ਸੰਗੀਤ ਤੇ ਤਿੰਨ ਅੰਗਾਂ-ਗਾਇਨ, ਵਾਦਨ ਅਤੇ ਨ੍ਰਿਤ ਵਿਚੋਂ ਪਹਿਲੇ ਦਾ ਪ੍ਰਮੁੱਖ ਸਥਾਨ ਹੈ। ਦੂਜੇ ਨੂੰ ਇਸ (ਗਾਇਨ) ਦੇ ਅਧੀਨ ਰੱਖਿਆ ਜਾਂਦਾ ਹੈ ਅਤੇ ਤੀਜੇ ਨ੍ਰਿਤ ਦਾ ਤਨ ਰਾਹੀਂ ਪ੍ਰਯੋਗ ਵਰਜਿਤ ਹੈ। ਪਰ ਮਨ ਦੇ ਨਾਚ ਲਈ ਗੁਰਵਾਕ ਹੈ-"ਨਾਚੁ ਰੇ ਮਨ ਗੁਰ ਕੇ ਆਗੈ।[6]" ਇਸ ਆਦਰਸ਼ਕ ਨ੍ਰਿਤ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਕਰਦੇ ਹਨ-

[2] ਰਾਗ ਸੋਰਠਿ ਬਾਣੀ ਕਬੀਰ ਜੀ ਕੀ ਪੇਨਾ 654
[3] ਸਲੋਕ ਮਹਲਾ 4 (ਸਲੋਕ ਵਾਰਾਂ ਤੋਂ ਵਧੀਕ) ਗੁਰੂ ਗ੍ਰੰਥ ਸਾਹਿਬ ਪੰਨਾ 1423
[4] ਵਾਰ ਆਸਾ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 468
[5] ਪਉੜੀ (ਵਾਰ ਮਾਝ ਮ: 1) ਗੁਰੂ ਗ੍ਰੰਥ ਸਾਹਿਬ ਪੰਨਾ 150
[6] ਗੂਜਰੀ ਮਹਲਾ 3 ਗੁਰੂ ਗ੍ਰੰਥ ਸਾਹਿਬ ਪੰਨਾ 506

"ਘੁੰਘਰੂ ਖੜਕੁ ਤਿਆਗਿ ਵਿਸੂਰੇ।
ਸਹਜ ਅਨੰਦ ਦਿਖਾਵੇ ਭਾਵੈ।
ਏਹੁ ਨਿਰਤਿਕਾਰੀ ਜਨਮਿ ਨ ਆਵੈ"[7]।

ਵਰਤਮਾਨ ਸਮੇਂ ਭਾਰਤੀ ਸੰਗੀਤ ਵਿੱਚ ਰਾਗ-ਆਲਾਪ ਦੇ ਦੋ ਢੰਗ ਪ੍ਰਚਲਿਤ ਹਨ ਇਕ "ਨੋਮ ਤੋਮ" ਦਾ ਆਲਾਪ ਅਤੇ ਦੂਜਾ "ਆਕਾਰ" ਦਾ ਆਲਾਪ।

ਪ੍ਰਾਚੀਨ ਸੰਗੀਤਾਚਾਰੀਆਂ, ਰਿਸ਼ੀਆਂ-ਮੁਨੀਆਂ ਨੇ ਰਾਗ ਦਾ ਆਲਾਪ ਕਰਨ ਲਈ ਭਾਰਤੀਆਂ ਨੂੰ "ਓਮ ਹਰੀ ਆਨੰਤ ਨਾਰਾਇਣ" ਜਾਂ "ਤੂੰ ਹੀ ਹਰੀ ਨਾਰਾਇਣ" ਮਹਾਂ ਮੰਤ੍ਰ ਬਖਸ਼ਿਆ ਸੀ ਪਰ ਧਰੁਪਦ, ਧਮਾਰ ਗਾਇਕਾਂ ਨੇ ਇਸ ਮੰਤ੍ਰ ਦਾ ਆਜਿਹਾ ਕਚੂਮਰ ਕੱਢਿਆ ਕਿ ਇਸ ਦਾ ਚੇਹਰਾ ਮੁਹਰਾ ਹੀ ਵਿਗਾੜ ਕੇ ਰੱਖ ਦਿੱਤਾ। ਵਰਤਮਾਨ ਕਾਲ ਦੇ ਗਾਇਕ ਉਸ ਆਲਾਪ ਵਿੱਚ "ਤੋਮਤਾਨਾਨਾ, ਰੀਦਾਨਨਾਤਾ, ਤੈ ਤੈ ਰੈ ਨੇ ਨੋਮ ਨੈ, ਨੈ, ਹੈਨੇ ਹੈਨੇ, ਤੈ ਨਾਇਤੋਮ" ਆਦਿ ਨਿਰਥਕ ਅੱਖਰ ਪ੍ਰਯੋਗ ਕਰਨ ਲੱਗ ਪਏ ਹਨ। ਅਜਿਹੀ ਤਾਨ ਰੀਰੀ ਦੇ ਸੰਬੰਧ ਵਿਚ ਮਰਹੂਮ ਉਸਤਾਦ ਅਲਾਉਦੀਨ ਖਾਂ ਦਾ ਕਥਨ ਹੈ ਕਿ "ਅਜ ਜਿਹੜਾ ਧਰੁਪਦ ਦਾ ਆਲਾਪ ਸੁਣਿਆ ਜਾਂਦਾ ਹੈ, ਉਸਦਾ ਮੂਲ ਆਧਾਰ ਸੀ "ਅਨੰਤ ਹਰੀ ਓਮ" ਉਸੇ ਨੂੰ ਤੋੜ ਮਰੋੜ ਕੇ। "ਤੋਮ ਤਾਨਾ" ਬਣਾ ਦਿਤਾ ਅਤੇ ਦਰੁਤ ਲੈਯ ਵਿੱਚ "ਤੋਮਤਾਨਾ ਨਾਨਾ" ਕੰਨ ਗੋਚਰ ਹੁੰਦਾ ਹੈ। ਉਹ ਪ੍ਰਾਗਲ ਦਾ ਪ੍ਰਲਾਪ ਅਰਥਹੀਣ ਅਤੇ ਉਦੇਸ਼ਹੀਣ ਹੈ। ਤਾਨਾਂ ਤੋਂ ਰਾਗ ਭ੍ਰਸ਼ਟ ਹੁੰਦਾ ਹੈ।ਤਾਨਾਂ ਤਾਂ ਤਾਮਸਿਕਤਾ ਦੀਆਂ ਪਰਿਚਾਇਕ ਹਨ, ਇਸ ਲਈ ਕਹਿੰਦਾ ਹਾਂ ਕਿ ਸ਼ੁੱਧ ਸੁਰ, ਸ਼ੁੱਧ ਮੁਦਰਾ ਅਤੇ ਸ਼ੁੱਧ ਵਾਣੀ ਚਾਹੀਦੀ ਹੈ। ਭਗਵਾਨ ਆਂਤ੍ਰਿਕ ਭਾਵਨਾਵਾਂ ਅਤੇ ਸ਼ੁੱਧ ਸੁਰ ਚਾਹੁੰਦੇ ਹਨ।"

ਗੁਰਬਾਣੀ ਸੰਗੀਤ ਵਿੱਚ ਵੀ ਰਾਗ ਆਲਾਪ ਦੀ ਪ੍ਰਥਾ ਹੈ ਗੁਰ ਫੁਰਮਾਨ ਹੈ "ਧੰਨੁ ਸੁ ਰਾਗ ਸੁਰੰਗੜੇ ਅਲਾਪਤ ਸਭ ਤਿਖ ਜਾਇ"[8] ਇਸ ਪ੍ਰਥਾ ਵਿੱਚ "ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਆਲਾਪੈ" (ਰਾਮਕਲੀ ਮਹਲਾ 5. ਗੁਰੂ ਗ੍ਰੰਥ ਸਾਹਿਬ ਪੰਨਾ 885) ਦਾ ਵਿਧਾਨ ਹੈ। ਗੁਰਬਾਣੀ ਸੰਗੀਤ ਪਰੰਪਰਾ ਵਿੱਚ "ਮੰਗਲਾਚਰਣ" ਦੇ ਰੂਪ ਵਿੱਚ। ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਮੂਲ ਮੰਤ੍ਰ ਦੁਆਰਾ ਆਲਾਪ ਕੀਤਾ ਜਾਂਦਾ ਸੀ, ਇਹ ਮੇਰੀ ਧਾਰਣਾ ਹੈ।

ਭਾਰਤੀ ਸੰਗੀਤ ਦੀਆਂ ਮਹਿਫ਼ਲਾਂ ਦਾ ਆਗਾਜ਼ ਆਮ ਤੌਰ ਤੇ ਸਰਸਵਤੀ "ਵੰਦਨਾ" ਦੁਆਰਾ ਹੁੰਦਾ ਹੈ ਕਿਉਂ ਜੋ ਸਰਸਵਤੀ ਨੂੰ ਸੰਗੀਤ ਅਤੇ ਵਿਦਿਆ ਦੀ ਅਧਿਸ਼ਠਾਤ੍ਰੀ ਦੇਵੀ (**Goddess of music**) ਮੰਨਿਆ ਜਾਂਦਾ ਹੈ। ਇਸ ਦੀ ਤੁਲਨਾ ਵਿੱਚ ਗੁਰਬਾਣੀ ਸੰਗੀਤ ਦੇ ਆਰੰਭ ਵਿੱਚ ਪਹਿਲੇ ਚਾਰ ਗੁਰੂਆਂ ਤੱਕ "੧ਓ"ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਇਸ ਆਲਾਪ ਬੰਦਨਾ ਵਿੱਚ ਥੋੜਾ ਪਰਿਵਰਤਨ ਆਇਆ। ਇਥੇ ਇਕ, ਦੋ ਜਾਂ ਸੋਲ੍ਹਾਂ ਕਲਾ ਸੰਪੂਰਣ ਦੀ ਵੰਦਨਾ ਦੇ ਸਥਾਨ ਤੇ ਅਨੰਤ ਕਲਾ ਦਾ ਸੁਆਮੀ ਜਿਹੜਾ "ਸਰਬ ਕਲਾ ਸਮਰੱਥ" ਹੈ ਉਸਨੂੰ ਇਕ ਵਾਰ ਨਹੀਂ, ਦੋ ਵਾਰ ਨਹੀਂ ਸਗੋਂ "ਅਨਿਕਬਾਰ ਡੰਡਉਤਿ ਬੰਦਨਾ" ਕੀਤੀ ਜਾਂਦੀ ਹੈ।(ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ। ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ। ਗਉੜੀ ਬਾਵਨ ਅਖਰੀ ਮਹਲਾ 5)

ਗੁਰਬਾਣੀ ਸੰਗੀਤ ਵਿੱਚ ਪ੍ਰਥਮ ਤੇ ਪ੍ਰਮੁੱਖ ਸਾਜ਼ ਰਬਾਬ ਹੈ। ਇਸ ਤੋਂ ਉਪਰੰਤ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਗਾਇਨ ਦੀ ਸੰਗਤ ਲਈ ਸਰੰਦੇ ਦਾ ਆਵਿਸ਼ਕਾਰ ਕੀਤਾ। ਗੁਰੂ ਅਰਜਨ ਦੇਵ ਜੀ ਵੀ ਸਰੰਦਾ ਵਾਦਨ ਵਿੱਚ ਨਿਪੁੰਨ ਸਨ। ਆਧੁਨਿਕ ਕਾਲ ਵਿੱਚ ਕੁਝ ਕੀਰਤਨਕਾਰਾਂ ਨੇ ਤਾਊਸ ਅਤੇ ਦਿਲਰੁਬਾ ਨੂੰ ਵੀ ਅਪਣਾਇਆ ਹੈ। ਤਾਲ ਦੀ ਸੰਗਤੀ ਲਈ ਇਸ ਪ੍ਰਥਾ ਵਿਚ ਮ੍ਰਿਦੰਗ, ਪਖਾਵਜ, ਜੋੜੀ, (ਤਬਲਾ) ਆਦਿ ਸਾਜ਼ ਵਰਤੋਂ ਵਿੱਚ ਲਿਆਂਦੇ ਗਏ ਹਨ। ਪਰ ਸਾਰੰਗੀ, ਬਾਂਸੁਰੀ, ਸ਼ਹਿਨਾਈ ਆਦਿ ਸਾਜ਼ਾਂ ਨੂੰ ਇਸ ਪ੍ਰਣਾਲੀ ਵਿਚ ਸਥਾਨ ਨਹੀਂ ਮਿਲਿਆ। ਗੁਰਬਾਣੀ ਸੰਗੀਤ ਵਿੱਚ ਸੁਤੰਤਰ (solo) ਜਾਂ ਮੁਕਤ ਵਾਦਨ ਲਈ ਕੋਈ ਸਥਾਨ ਨਹੀਂ ਹੈ। ਪਰ ਭਾਰਤੀ ਸੰਗੀਤ ਵਿੱਚ ਸੁਤੰਤਰ ਵਾਦਨ ਨੂੰ ਵੀ ਗਾਇਨ ਦੇ ਸਮਾਨ ਮਹੱਤਵ ਦਿੱਤਾ ਜਾਂਦਾ ਹੈ।

ਗੁਰਬਾਣੀ ਸੰਗੀਤ ਵਿਚ ਚਾਰ ਚੌਕੀਆਂ (ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਜਾਂ ਚਰਨ ਕੰਵਲ ਦੀ ਚੌਕੀ, ਸੋਦਰ ਅਤੇ ਕੀਰਤਨ ਸੋਹਲੇ ਦੀ ਚੌਕੀ) ਦੀ ਮਰਿਯਾਦਾ ਗੁਰੂ ਅਰਜਨ ਦੇਵ ਜੀ ਨੇ ਸਥਾਪਿਤ ਕੀਤੀ ਸੀ।

[7] ਰਾਮਕਲੀ ਮਹਲਾ 5 ਗਰੂ ਗ੍ਰੰਥ ਸਾਹਿਬ ਪੰਨਾ 885

ਤਦ ਤੋਂ ਲੈ ਕੇ ਵਰਤਮਾਨ ਤਕ ਇਹ ਮਰਿਯਾਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਚਲਿਤ ਹੈ। ਇਸ ਦੀ ਤੁਲਨਾ ਵਿਚ ਭਾਰਤੀ ਸੰਗੀਤ ਵਿਚ ਕਿਸੇ ਵੀ ਧਾਰਮਿਕ ਸਥਾਨ ਤੇ ਅਜਿਹਾ ਨੇਮ ਪੂਰਵਕ ਵਿਧਾਨ ਨਹੀਂ ਹੈ।

ਗੁਰਬਾਣੀ ਸੰਗੀਤ ਵਿਚ ਆਸਾ ਰਾਗ ਦਾ ਬੜਾ ਮਹੱਤਵ ਪੂਰਨ ਸਥਾਨ ਹੈ। ਇਸ ਰਾਗ ਦਾ ਗਾਇਨ 'ਆਸਾ ਦੀ ਵਾਰ' ਦੇ ਰੂਪ ਵਿਚ ਸਵੇਰੇ ਅਤੇ ਸ਼ਾਮੀਂ "ਸੋਦਰ" ਦੇ ਰੂਪ ਵਿਚ ਆਵਸ਼ਕ ਤੌਰ ਤੇ ਕੀਤਾ ਜਾਂਦਾ ਹੈ। ਪਰ ਭਾਰਤੀ ਸੰਗੀਤ ਵਿਚ ਕੋਈ ਅਜਿਹਾ ਰਾਗ ਨਹੀਂ ਜਿਸ ਦਾ ਗਾਇਨ-ਵਾਦਨ ਕਿਸੇ ਧਾਰਮਿਕ ਸਥਾਨ ਜਾਂ ਕਿਸੇ ਮਹਿਫ਼ਲ ਵਿਚ ਸ਼ਾਮੀ ਲਾਜ਼ਮੀ ਤੌਰ ਤੇ ਕੀਤਾ ਜਾਂਦਾ ਹੋਵੇ। ਵਰਤਮਾਨ ਸਮੇਂ ਮਹਿਫ਼ਲ ਦੀ ਸਮਾਪਤੀ ਤੇ ਭੈਰਵੀ ਰਾਗ ਕਦੇ ਕਦੇ ਕੰਨਗੋਚਰ ਹੋ ਜਾਂਦਾ ਹੈ।

ਗੁਰਬਾਣੀ ਸੰਗੀਤ ਦੀ ਗਾਇਨ ਸ਼ੈਲੀ ਵਿਚ ਸਭ ਤੋਂ ਪ੍ਰਮੁਖ ਸਥਾਨ "ਰਹਾਓ" ਦੀ ਤੁਕ ਦਾ ਹੁੰਦਾ ਹੈ। ਕਿਉਂ ਜੋ ਸ਼ਬਦ ਦਾ ਕੇਂਦਰੀ ਭਾਵ ਜਾਂ ਸਾਰਅੰਸ਼ ਰਹਾਉ ਦੀ ਤੁਕ ਵਿਚ ਹੁੰਦਾ ਹੈ। ਬਾਕੀ ਤੁਕਾਂ ਵਿਚ ਰਹਾਉ ਦੀ ਪੰਗਤੀ ਵਿਚ ਦਰਸਾਏ ਸਿਧਾਤਾਂ ਦੀ ਉਦਾਹਰਣਾਂ ਸਹਿਤ ਵਿਸਤ੍ਰਿਤ ਵਿਆਖਿਆ ਹੁੰਦੀ ਹੈ। ਗੁਰਬਾਣੀ ਸੰਗੀਤ ਸ਼ਬਦ ਪ੍ਰਧਾਨ ਹੋਣ ਦੇ ਕਾਰਨ ਇਸ ਵਿਚ ਇਕ, ਦੋ, ਜਾਂ ਚਾਰ ਰਹਾਉ ਵੀ ਸ਼ਬਦ ਵਿਚ ਮਿਲਦੇ ਹਨ। ਜਿਨ੍ਹਾਂ ਕੀਰਤਨਕਾਰਾਂ ਨੂੰ ਪਰੰਪਰਾਗਤ ਢੰਗ ਨਾਲ ਕੀਰਤਨ ਦੀ ਸਿਖਿਆ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹ ਸ਼ਬਦ ਵਿਚ ਵਰਤੇ ਭਿੰਨ-ਭਿੰਨ ਰਹਾਉ ਦੀਆਂ ਪੰਗਤੀਆਂ ਨੂੰ ਸਥਾਈ ਬਣਾ ਕੇ ਗਾਇਨ ਕਰਦੇ ਹਨ। ਮੇਰੀ ਇਹ ਪੱਕੀ ਧਾਰਣਾ ਹੈ ਕਿ ਜਦ ਤਕ ਕੀਰਤਨਕਾਰ ਰਹਾਉ ਦੀ ਤੁਕ ਨੂੰ ਸਥਾਈ ਬਣਾ ਕੇ ਸ਼ਬਦ ਦਾ ਗਾਇਨ ਨਹੀਂ ਕਰਦੇ ਤਦ ਤਕ ਗੁਰਬਾਣੀ ਦਾ ਵਾਸਤਵਿਕ ਭਾਵ ਉਜਾਗਰ ਹੋ ਹੀ ਨਹੀਂ ਸਕਦਾ। ਭਾਰਤੀ ਸੰਗੀਤ ਜਾਂ ਵਿਸ਼ਵ ਦੀ ਕਿਸੇ ਵੀ ਗਾਇਨ ਸ਼ੈਲੀ, ਵਿਚ ਦੋ, ਤਿੰਨ ਜਾਂ ਚਾਰ ਸਥਾਈਆਂ ਦੀ ਕਿਧਰੇ ਵੀ ਉਦਾਹਰਣ ਨਹੀਂ ਮਿਲਦੀ।

ਗੁਰਬਾਣੀ ਸੰਗੀਤ ਵਿਚ ਗਾਇਕਾਂ ਲਈ ਕਾਵਿ ਛੰਦ ਦੇ ਪਦਿਆਂ ਦੇ ਅੰਕਾਂ ਦੀ ਸੰਖਿਆ ਦਾ ਮਹੱਤਵਪੂਰਨ ਸਥਾਨ ਹੈ। ਗੁਰਬਾਣੀ ਦੇ ਗਾਇਨ ਲਈ ਅੰਕਾਂ ਦੀ ਸੀਮਾ ਵਿਚ ਰਹਿਣਾ ਅਤੀ ਅਵੱਸ਼ਕ ਹੈ। ਕਿਉਂ ਜੋ ਇਕ ਅੰਕ ਵਿਚ ਸੰਪੂਰਣ ਅੰਤਰਾ ਹੁੰਦਾ ਹੈ ਅਤੇ ਗੁਰਬਾਣੀ ਗਾਇਨ ਦੀ ਮਰਿਯਾਦਾ ਅਨੁਸਾਰ ਇਸ ਵਿਚ ਸਥਾਈ ਵੱਲ ਪਰਤਣਾ ਪੈਂਦਾ ਹੈ। ਇਹ ਰੀਤੀ ਦੋਸ਼ ਪੂਰਨ ਹੈ ਕਿ ਹਰ ਤੁਕ ਪਿਛੋਂ ਰਹਾਉ ਦੀ ਪੁਨਰਾਵ੍ਰਿਤੀ ਕੀਤੀ ਜਾਵੇ। ਭਾਰਤੀ ਸੰਗੀਤ ਵਿਚ ਕੁਝ ਧਰੁਪਦ, ਧਮਾਰ ਗੀਤਾਂ ਵਿਚ ਚਾਰ ਭਾਗ-ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਹੁੰਦੇ ਹਨ ਪਰ ਖਿਆਲ ਗੀਤਾਂ ਵਿਚ ਕੇਵਲ ਦੋ ਹੀ ਭਾਗ ਹੁੰਦੇ ਹਨ ਇਸ ਲਈ ਉਨ੍ਹਾਂ ਵਿਚ ਅੰਕਾਂ ਦਾ ਕੋਈ ਵਿਧਾਨ ਨਹੀਂ ਹੈ।

ਗੁਰਬਾਣੀ ਸੰਗੀਤ ਵਿਚ ਕੋਈ ਵੀ ਅਜਿਹਾ "ਗੇਯ ਪਦ" (ਗਾਇਨ ਯੋਗ ਰਚਨਾ) ਨਹੀਂ ਜਿਸ ਵਿਚ ਕੋਈ ਅਧਿਆਤਮਕ ਤੱਤ ਨਾ ਦਰਸਾਇਆ ਗਿਆ ਹੋਵੇ, ਪਰੰਤੂ ਭਾਰਤੀ ਸੰਗੀਤ ਵਿਚ "ਤਰਾਨਾ" ਇਕ ਅਜਿਹੀ ਨਿਰਰਥਕ ਸ਼ੈਲੀ ਹੈ ਜਿਸ ਵਿਚ ਸਾਹਿਤ ਦਾ ਕੋਈ ਵੀ ਅੰਸ਼ ਨਹੀਂ ਹੁੰਦਾ। ਉਦਾਹਰਣ ਵਜੋਂ ਨਾ ਦਿਰ ਦਿਰ ਦਿਰ, ਤੋਮ ਨਾ ਨਾ ਨਾਨ ਯਲਲੀ ਯਲਲੀ ਯਲਲਾ ਲੂੰਮ ਆਦਿ।

ਗੁਰਬਾਣੀ ਸੰਗੀਤ ਵਿਚ ਜ਼ਾਹਰਾ ਤੌਰ ਤੇ "ਦਾਦ" ਦੇਣ ਦੀ ਜਾਂ ਉੱਚੀ ਆਵਾਜ਼ ਨਾਲ ਵਾਹ! ਵਾਹ! ਕਰਨ ਲਈ ਕੋਈ ਸਥਾਨ ਨਹੀਂ ਹੈ। ਇਸ ਪ੍ਰਥਾ ਵਿਚ ਕੀਰਤਨ ਦੁਆਰਾ ਸ੍ਰੋਤਿਆ ਦੀ ਆਤਮਾ ਦਾ ਅੰਤਰਲੀ ਵਾਹ! ਵਾਹ! ਨਾਲ ਸੰਬੰਧ ਜੁੜਦਾ ਹੈ। ਪਰੰਤੂ ਭਾਰਤੀ ਸੰਗੀਤ ਦੀਆਂ ਮਹਿਫਲਾਂ ਵਿਚ ਵਾਹ ਵਾਹ ਦੇ ਨਾਲ ਨਾਲ ਕਈ ਵਾਰੀ ਕਲਾਕਾਰ ਦੀ ਕਲਾ ਦਾ ਤਾਲੀਆਂ ਦੀ ਗੜਗੜਾਹਟ ਨਾਲ ਵੀ ਕਾਫ਼ੀ ਦੇਰ ਤੱਕ ਸੁਆਗਤ ਕੀਤਾ ਜਾਂਦਾ ਹੈ।

ਗੁਰਬਾਣੀ ਸੰਗੀਤ ਦੀ ਆਰੰਭ ਤੋਂ ਇਹ ਮਹਿਯਾਦਾ ਰਹੀ ਹੈ ਕਿ ਇਸ ਦੇ ਰਸੀਏ ਸੰਗਤ ਵਿਚ ਹਾਜ਼ਰ ਹੋ ਕੇ ਪਹਿਲਾਂ ਗੁਰੂ ਨੂੰ ਅਤੇ ਪਿਛੋਂ ਕੀਰਤਨੀਆਂ ਨੂੰ ਨਮਸਕਾਰ ਕਰਦੇ ਹਨ। ਕੀਰਤਨੀਆਂ ਨੂੰ ਪ੍ਰਣਾਮ ਕਰਨ ਦੇ ਕਾਰਨ ਦੀ ਵਿਆਖਿਆ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ :-

ਲੈਲੀ ਦੀ ਦਰਗਾਹ ਦਾ ਕੁੱਤਾ ਮਜਨੂੰ ਦੇਖਿ ਲੁਭਾਣਾ।
ਕੁੱਤੇ ਦੀ ਪੈਰੀਂ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ।
ਮੀਰਾਸੀ ਮੀਰਾਸੀਆਂ ਨਾਮ ਧਰੀਕੁ ਮੁਰੀਦ ਬਿਬਾਣਾ।
ਕੁਤਾ ਡੂਮ ਵਖਾਣੀਐ ਕੁਤਾ ਵਿਚਿ ਕੁਤਿਆਂ ਨਿਮਾਣਾ।
ਗੁਰ ਸਿੱਖ ਆਸ਼ਕ ਸ਼ਬਦ ਦੇ ਕੁਤੇ ਦਾ ਪੜਕੁਤਾ ਭਾਣਾ। *(ਵਾਰਾਂ ਭਾਈ ਗੁਰਦਾਸ ਜੀ 31-37)*

ਪਰ ਭਾਰਤੀ ਸੰਗੀਤ ਦੀਆਂ ਮਹਿਫ਼ਲਾਂ ਵਿਚ ਪ੍ਰਸਿੱਧ ਕਲਾਕਾਰ ਮੰਚ ਤੇ ਕਲਾ ਪ੍ਰਦਰਸ਼ਨ ਕਰਦੇ ਹੋਏ ਸਰਧਨ ਜਾਂ ਸੱਤਾਧਾਰੀ ਵਿਅਕਤੀਆਂ ਨੂੰ ਕਥਕ ਨ੍ਰਿਤ ਦੀ ਮੁਦਰਾ ਵਿਚ ਸਲਾਮਾਂ ਕਰਦੇ ਆਮ ਹੀ ਦੇਖੇ ਜਾਂਦੇ ਹਨ। ਗੁਰਬਾਣੀ ਸੰਗੀਤ ਦੀ ਮਾਣ ਮਰਿਯਾਦਾ ਵਿਚ ਰਾਜਾ ਰੰਕ ਬਰਾਬਰੀ ਦਾ ਸਿਧਾਂਤ ਵਿਆਪਕ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 22 ਵਾਰਾਂ ਅੰਕਿਤ ਹਨ ਜਿਨ੍ਹਾਂ ਵਿਚੋਂ 9 ਵਾਰਾਂ ਤੇ ਗਾਉਣ ਲਈ ਸੰਕੇਤ ਧੁਨੀਆਂ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਦਿੱਤੇ ਹਨ। ਗੁਰੂ ਅਰਜਨ ਦੇਵ ਜੀ ਜਿਥੇ ਕਰਤਾਰੀ ਸਿਰਜਣਾਤਮਕ ਸ਼ਕਤੀ ਦੇ ਸੁਆਮੀ ਸਨ ਉਥੇ ਉਹ ਸੰਗੀਤ ਦੇ ਵੀ ਮਹਾਨ ਗਿਆਤਾ ਸਨ। ਉਨ੍ਹਾਂ ਦੀ ਰਾਗਾਤਮਕ ਸੂਖਸ਼ਮ ਸੂਝ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਦੇਵ ਨੇ ਵਾਰ ਵਰਗੀ ਲੋਕ ਧੁਨੀ ਦੀ ਨਿਰਖ ਪਰਖ ਕਰਕੇ ਉਸ ਰਾਗ ਦੇ ਅਧੀਨ ਅੰਕਿਤ ਕੀਤਾ ਜਿਸ ਵਿਚ ਉਸ ਰਾਗ ਦੀ ਰੰਗਤ ਦਿਖਾਈ ਦਿੰਦੀ ਸੀ। ਉਦਾਹਰਣ ਵਜੋਂ, "ਟੁੰਡੇ ਅਸਰਾਜੇ ਕੀ ਧੁਨੀ"। (ਆਸਾ ਦੀ ਵਾਰ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 463) ਆਸਾ ਰਾਗ ਦੇ ਅਧੀਨ ਅੰਕਿਤ ਹੈ। ਕਿਉਂ ਜੋ ਇਸ ਵਾਰ ਵਿਚ ਆਸਾ ਰਾਗ ਦੀ ਧੁਨੀ ਕੰਨ ਗੋਚਰ ਹੁੰਦੀ ਸੀ। ਇਸੇ ਤਰ੍ਹਾਂ ਹੀ ਹੋਰ ਵਾਰਾਂ ਨੂੰ ਵੀ ਇਕ ਵਿਸ਼ੇਸ਼ ਰਾਗ ਦੇ ਅਧੀਨ ਅੰਕਿਤ ਕੀਤਾ ਹੈ। ਭਾਰਤੀ ਸੰਗੀਤ ਵਿਚ "ਵਾਰ" ਵਰਗੀ ਲੋਕ ਧੁਨੀ ਦਾ ਗਾਇਨ ਕਿਸੇ ਰਾਗ ਦੇ ਨਿਯਮਾਂ ਦਾ ਪੂਰਣ ਤੌਰ ਤੇ ਪਾਲਨ ਕਰਦਾ ਹੋਵੇ ਕਦੇ ਵੀ ਕੰਨ ਗੋਚਰ ਨਹੀਂ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ-ਵਿਧਾਨ ਵਿਚ ਸ੍ਰੀ ਰਾਗ ਦੀ ਪ੍ਰਧਾਨਤਾ ਹੈ। "ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ"। (ਸ੍ਰੀ ਰਾਗ ਦੀ ਵਾਰ ਸਲੋਕ ਮ: 3 ਗੁਰੂ ਗ੍ਰੰਥ ਸਾਹਿਬ ਪੰਨਾ 83) ਪਰੰਤੂ ਭਾਰਤੀ ਸੰਗੀਤ ਦੀਆਂ ਮੱਧ ਕਾਲੀਨ ਰਾਗ-ਰਾਗਣੀ ਪੱਧਤੀਆਂ ਵਿਚ ਭੈਰਵ ਨੂੰ ਪ੍ਰਥਮ ਰਾਗ ਸਵੀਕਾਰਿਆ ਗਿਆ ਹੈ। ਸੰਗੀਤਕਾਰ ਇਸ ਤੱਥ ਤੋਂ ਭਲੀ ਭਾਂਤ ਪਰਿਚਤਿ ਹਨ ਕਿ ਭਾਰਤੀ ਸੰਗੀਤ ਵਿਚ ਮੱਧ ਕਾਲ ਤੱਕ ਗੰਧਾਰ ਨਿਸ਼ਾਦ ਕੋਮਲ ਵਾਲੇ ਥਾਟ ਨੂੰ ਪ੍ਰਾਕ੍ਰਿਤਕ ਜਾਂ ਸ਼ੁੱਧ ਥਾਟ ਮੰਨਿਆ ਜਾਂਦਾ ਸੀ। ਉਸ ਕਾਲ ਵਿਚ ਸ੍ਰੀ ਰਾਗ ਵਿਚ ਗੰਧਾਰ ਨਿਸ਼ਾਦ ਕੋਮਲ ਰੂਪ ਵਿੱਚ ਪ੍ਰਯੋਗ ਹੁੰਦੇ ਸਨ।ਇਸ ਲਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਭਾਰਤੀ ਸੰਗੀਤ ਦੀ ਪੁਰਾਤਨ ਪਰੰਪਰਾ ਨੂੰ ਵੀ ਅਖੋਂ ਪਰੋਖੇ ਨਹੀਂ ਕੀਤਾ। ਉਸ ਪ੍ਰਥਾ ਨੂੰ ਧਿਆਨ ਵਿਚ ਰੱਖ ਕੇ ਸ਼ੁੱਧ ਮੇਲ ਜਾਂ ਪ੍ਰਾਕ੍ਰਿਤਕ ਸਪਤਕ ਤੋਂ ਉਤਪੱਨ ਹੋਏ ਸ੍ਰੀ ਰਾਗ ਨੂੰ ਪ੍ਰਥਮ ਸਥਾਨ ਪ੍ਰਦਾਨ ਕੀਤਾ। ਆਧੁਨਿਕ ਸਮੇਂ ਸ੍ਰੀ ਰਾਗ ਪੂਰਵੀ ਥਾਟ ਵਿਚ ਪ੍ਰਵੇਸ਼ ਕਰ ਚੁੱਕਿਆ ਹੈ।

ਗੁਰਮਤਿ ਅਚਾਰੀਆਂ ਦਾ ਮਤ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਗਤ ਬਾਣੀ ਦੇ ਰਚਨਹਾਰ ਸੰਤ ਗਾਇਕਾਂ ਦੀਆਂ ਬਾਣੀਆਂ ਤੇ "ਘਰੁ" ਸਿਰਲੇਖ ਅੰਕਿਤ ਕੀਤੇ ਹਨ। ਕਿਉਂ ਜੋ ਗੁਰੂ ਗ੍ਰੰਥ ਸਾਹਿਬ ਤੋਂ "ਘਰੁ" ਦਾ ਸੰਕੇਤ ਜਾਂ ਸਿਰਲੇਖ ਸੰਤ ਗਾਇਕਾਂ ਦੇ ਭਗਤੀ ਕਾਵਿ ਜਾਂ ਭਾਰਤੀ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਤੇ ਕਿਧਰੇ ਵੀ ਨਹੀਂ ਮਿਲਦਾ। ਘਰੁ ਬਾਰੇ ਭਾਵੇਂ ਖੋਜੀ ਵਿਦਵਾਨਾਂ ਵਲੋਂ ਅਜੇ ਤਕ ਕੋਈ ਨਿਸ਼ਚਿਤ ਜਾਂ ਪ੍ਰਮਾਣਿਕ ਮਤ ਸਾਹਮਣੇ ਨਹੀਂ ਆਇਆ ਪਰ ਅਜੇ ਤੱਕ ਇਸ ਦਾ ਅਰਥ ਤਾਲ ਹੀ ਮੰਨਿਆ ਜਾਂਦਾ ਹੈ। ਇਹ ਵਿਸ਼ਾ ਅਜੇ ਬੜੇ ਗਹਿਰੇ ਅਧਿਐਨ ਦੀ ਮੰਗ ਕਰਦਾ ਹੈ।

ਮੱਧ ਕਾਲ ਵਿਚ ਰਾਗ-ਵਰਗੀਕਰਣ ਦੀ ਇਕ ਪੱਧਤੀ ਪ੍ਰਚਲਿਤ ਸੀ ਜਿਸਨੂੰ ਰਾਗ-ਰਾਗਣੀ ਪੱਧਤੀ ਕਿਹਾ ਜਾਂਦਾ ਸੀ। ਜਿਸ ਅਨੁਸਾਰ 6 ਪ੍ਰਮੁੱਖ ਪੁਰਸ਼ ਰਾਗ, ਹਰ ਇਕ ਦੀਆਂ ਪੰਜ-ਪੰਜ ਰਾਗਣੀਆਂ ਅਤੇ ਅੱਠ-ਅੱਠ ਪੁੱਤਰ ਮੰਨੇ ਜਾਂਦੇ ਸਨ।ਉਸ ਸਮੇਂ ਇਨ੍ਹਾਂ ਬਾਰੇ ਕਈ ਮਤ ਪ੍ਰਚਲਿਤ ਸਨ ਜਿਨ੍ਹਾਂ ਵਿਚੋਂ ਸ਼ਿਵਮਤ; ਰਾਗਾਰਣਵ ਮਤ, ਹਨੂਮਾਨਮਤ, ਕ੍ਰਿਸ਼ਨਮਤ ਅਤੇ ਭਰਤ ਮਤ ਵਧੇਰੇ ਪ੍ਰਸਿੱਧ ਹਨ।

ਆਧੁਨਿਕ ਸੰਗੀਤਕਾਰਾਂ ਦੀ ਇਹ ਧਾਰਣਾ ਹੈ ਕਿ ਪਟਨਾ ਨਿਵਾਸੀ ਮੁਹੰਮਦ ਰਜ਼ਾ ਨੇ 1813 ਈ: ਵਿਚ ਇਕ ਪੁਸਤਕ "ਨਗਮਾਤੇ ਆਸਫ਼ੀ" ਲਿਖੀ ਜਿਸ ਵਿਚ ਉਸ ਨੇ ਪੁਰਾਤਨ ਮੱਤਾਂ ਦੀ ਆਲੋਚਨਾ ਕਰਕੇ ਉਨ੍ਹਾਂ ਨੂੰ ਅਵਿਗਿਆਨਕ ਸਿੱਧ ਕੀਤਾ ਅਤੇ ਰਾਗਾਂ ਦੇ ਪਰਿਵਰਤਿਤ ਸਰੂਪ ਅਨੁਸਾਰ ਇੱਕ ਨਵੀਨ ਰਾਗ-ਰਾਗਣੀ ਪੱਧਤੀ ਦਾ ਨਿਰਮਾਣ ਕੀਤਾ। ਉਸ ਤੋਂ ਪਿਛੋਂ ਸੰਗੀਤ ਦੇ ਨਵ-ਨਿਰਮਾਤਾ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ (1860-1936 ਈ.) ਨੇ ਪੁਰਾਤਨ ਮੱਤਾਂ ਅਤੇ ਮੁਹੰਮਦ ਰਜ਼ਾ ਦੀ ਪੱਧਤੀ ਵਿਚ ਕੋਈ ਮੂਲ ਆਧਾਰ ਨਾ ਹੋਣ ਦੇ ਕਾਰਨ ਉਸ ਨੂੰ ਘੜੰਤ ਢਕੋਸਲੇ ਸਮਝ ਕੇ ਇਸ ਦਾ ਪਰਿਤਿਆਗ ਕੀਤਾ ਅਤੇ ਪ੍ਰਚਲਿਤ ਸਭ ਰਾਗਾਂ ਦਾ 10 ਥਾਟਾਂ ਵਿਚ ਵਰਗੀਕਰਣ ਕੀਤਾ। ਬੰਬਈ ਦੇ ਇਕ ਸੰਗੀਤਾਚਾਰੀਆ ਪੰਡਿਤ ਨਾਰਾਇਣ ਮੋਰੇਸ਼ਵਰ ਖਰੇ ਨੂੰ ਭਾਤਖੰਡੇ ਦੇ 10 ਥਾਟਾਂ ਦਾ ਘੇਰਾ ਕੁਝ ਸੌੜਾ ਜਾਪਿਆ ਤਾਂ ਉਸ ਨੇ 30 ਰਾਗ-ਅੰਗਾਂ ਦੀ ਚੋਣ ਕਰਕੇ ਸਭ ਰਾਗਾਂ ਨੂੰ ਇਕ ਮਾਲਾ ਵਿੱਚ ਗੁੰਦਿਆ।

ਆਧੁਨਿਕ ਸੰਗੀਤਕਾਰਾਂ ਨੇ ਰਾਗ-ਰਾਗਣੀ ਪੱਧਤੀ ਨੂੰ ਸਿਧਾਂਤ ਹੀਣ, ਕਪੋਲ ਕਲਪਨਾ ਜਾਂ ਅਵਿਗਿਆਨਕ ਸਿੱਧ ਕਰਨ ਦਾ ਮੁਕਟ ਪਹਿਲਾਂ ਮੁਹੱਮਦ ਰਜ਼ਾ ਦੇ, ਫੇਰ ਪੰਡਿਤ ਭਾਤਖੰਡੇ ਦੇ ਅਤੇ ਅੰਤ ਵਿਚ ਪੰਡਿਤ ਖਰੇ ਦੇ

ਸਿਰ ਤੇ ਬੱਧਾ। ਆਧੁਨਿਕ ਸ਼ਬਦ-ਰੂਪਾਂਤਰ ਕਲਾ ਦੇ ਮਾਹਿਰਾਂ ਨੇ ਇਨ੍ਹਾਂ ਤਾਜ਼ ਪੋਸ਼ੀਆਂ ਦਾ ਕਰਤਲ ਧੁਨੀ ਦੁਆਰਾ ਨਿੱਘਾ ਸੁਆਗਤ ਕੀਤਾ।

ਮੱਧ ਕਾਲੀਨ ਜਾਂ ਵਰਤਮਾਨ ਦੇ ਇਤਿਹਾਸਕਾਰਾਂ ਨੂੰ ਇਹ ਗਿਆਨ ਨਹੀਂ ਕਿ ਅੱਜ ਤੋਂ 500 ਸਾਲ ਪਹਿਲਾਂ ਰਾਗ-ਰਾਗਣੀ ਪ੍ਰਣਾਲੀ ਨੂੰ ਸਿਧਾਂਤਹੀਨ ਜਾ ਨਿਰਾਧਾਰ ਸਮਝ ਕੇ ਤਿਆਗਣ ਦੀ ਪਹਿਲ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ। ਗੁਰੂ ਨਾਨਕ ਬਾਣੀ ਵਿਚ ਤਥਾ ਕਥਿਤ ਰਾਗ-ਰਾਗਣੀ ਪੱਧਤੀ ਨੂੰ ਮਾਨਤਾ ਦੇਣ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਉਨ੍ਹਾਂ ਦੀ ਬਾਣੀ ਵਿਚ ਵਰਤੇ ਗਏ ਕਈ ਰਾਗਾਂ ਦੇ ਨਾਮ ਭਾਵੇਂ ਇਸਤਰੀ ਲਿੰਗ ਜਾਪਦੇ ਹਨ ਜਿਵੇਂ- ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਰਾਮਕਲੀ, ਸੂਹੀ, ਤੁਖਾਰੀ ਆਦਿ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਰਲੇਖ ਦੇ ਰੂਪ ਵਿਚ ਇਨ੍ਹਾਂ ਨੂੰ "ਰਾਗੁ" ਨਾਮ ਹੀ ਪ੍ਰਦਾਨ ਕੀਤਾ ਗਿਆ ਹੈ। ਵਿਸ਼ਵ ਦੇ ਕਿਸੇ ਸ਼ਬਦ ਕੋਸ਼ ਨੇ ਰਾਗ ਦੇ ਅਰਥ ਰਾਗਣੀ ਕਦੇ ਵੀ ਨਹੀਂ ਸਵੀਕਾਰੇ। ਗੁਰਬਾਣੀ ਸੰਗੀਤ ਦੇ ਇਸ ਗੌਰਵ ਨੂੰ ਸਾਡੇ ਸਾਹਿਤ ਦੇ ਮਹਾਰਥੀਆਂ, ਅਧਿਆਕਾਰੀਆਂ ਜਾਂ ਆਧੁਨਿਕ ਗਾਇਨ-ਪਾਤਰਾਂ ਨੇ ਹਾਲੀ ਪਛਾਤਾ ਹੀ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਅੰਕਿਤ ਰਾਗ ਮਾਲਾ ਦੇ ਸੰਬੰਧ ਵਿਚ ਵੀ ਵਿਚਾਰ ਕਰਨਾ ਆਵਸ਼ੱਕ ਪ੍ਰਤੀਤ ਹੁੰਦਾ ਹੈ। ਇਸ ਦੀ ਕਾਵਿ ਮਈ ਸ੍ਰਿਸ਼ਟੀ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਦਰਜ ਹੋਣਾ ਸਾਡੀ ਚਰਚਾ ਦਾ ਵਿਸ਼ਾ ਨਹੀਂ ਹੈ ਇਸ ਦਾ ਨਿਰਣਾ ਜਾਂ ਨਿਖੇੜਾ ਕਰਨਾ ਗੁਰਮਤਿ ਆਚਾਰੀਆਂ ਜਾਂ ਹੋਰ ਵਿਦਵਾਨਾਂ ਦਾ ਖੇਤਰ ਹੈ। ਮੈਂ ਆਪਣੀ ਖੋਜ ਦੇ ਆਧਾਰ ਤੇ ਇਹ ਸਪਸ਼ਟ ਰੂਪ ਵਿਚ ਕਹਿਣਾ ਚਾਹਾਂਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ-ਪ੍ਰਬੰਧ ਦਾ ਭਾਰਤੀ ਕਲਾਸਿਕੀ ਸੰਗੀਤ ਨਾਲ ਤਾਂ ਵਿਸ਼ੇਸ਼ ਸੰਬੰਧ ਹੈ ਪਰ ਰਾਗ-ਰਾਗਣੀ ਪੱਧਤੀ ਨਾਲ ਇਸ ਦਾ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਧਾਰਤ ਸੰਗੀਤ ਪਧਤੀ ਦੇ ਸੰਦਰਭ ਵਿਚ ਨਾ ਤਾਂ ਕ੍ਰਿਆਤਮਕ ਰੂਪ ਵਿਚ ਉਪਯੋਗੀ ਹੈ ਅਤੇ ਨਾ ਹੀ ਇਸ ਪ੍ਰਣਾਲੀ ਦੇ ਵਿਗਿਆਨਕ ਵਿਸ਼ਲੇਸ਼ਣ ਲਈ ਸਿਧਾਂਤਿਕ ਰੂਪ ਵਿਚ ਆਧਾਰਭੂਤ ਸਾਮੱਗਰੀ ਵਜੋਂ ਨਿਸ਼ਚਿਤ ਸੇਧ ਪ੍ਰਦਾਨ ਕਰਦੀ ਹੈ।

ਰਾਗ ਮਾਲਾ ਵਿਚ ਭੈਰਵ ਨੂੰ ਪ੍ਰਥਮ ਰਾਗ ਮੰਨਿਆ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਰਾਗ ਨੂੰ ਪ੍ਰਾਥਮਿਕਤਾ ਪ੍ਰਦਾਨ ਕੀਤੀ ਗਈ ਹੈ। ਰਾਗ ਮਾਲਾ ਵਿਚ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁਖ ਰਾਗਾਂ ਵਿਚ 10 ਰਾਗਾਂ-ਮਾਝ, ਬਿਹਾਗੜਾ, ਵਡਹੰਸੁ, ਜੈਤਸਰੀ, ਰਾਮਕਲੀ, ਨਟਨਾਰਾਇਨ, ਮਾਲੀਗਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜੈਵੰਤੀ ਆਦਿ ਦਾ ਕਿਸੇ ਪ੍ਰਵਾਰ ਵਿਚ ਉਲੇਖ ਨਹੀਂ ਹੈ। ਇਥੋਂ ਤੱਕ ਕਿ ਜੋ ਰਾਗ ਪ੍ਰਕਾਰ ਨਿਰੋਲ ਗੁਰੂ ਸਾਹਿਬਾਨ ਵਲੋਂ ਪ੍ਰਚਾਰ ਵਿਚ ਆਏ ਜਿਵੇਂ ਮਾਝ ਅਤੇ ਤੁਖਾਰੀ ਉਨ੍ਹਾਂ ਦੇ ਨਾਮਾਂ ਦਾ ਵੀ ਜ਼ਿਕਰ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੇ ਸ਼ਬਦ ਜੋੜ ਰਾਗ ਮਾਲਾ ਦੇ ਸ਼ਬਦ ਜੋੜਾਂ ਨਾਲ ਮੇਲ ਨਹੀਂ ਖਾਂਦੇ। ਉਦਾਹਰਣ ਵਜੋਂ ਗੁਰੂ ਗ੍ਰੰਥ-ਲਲਿਤ ਰਾਗਮਾਲਾ ਲਲਤ, ਬਿਲਾਵਲੁ-ਬਿਲਾਵਲ, ਜਾਂ ਵਿਲਾਵਲੀ, ਭੈਰਉ-ਭੈਰਵ, ਤਿਲੰਗ-ਤੈਲੰਗੀ, ਮਾਲੀਗਉੜਾ, ਗਉਰਾ, ਕਲਿਆਨੁ ਕਲ੍ਯਾਨਾ, ਬੈਰਾੜੀ-ਬੈਰਾਰੀ, ਸੂਹੀ ਸੂਹਉ, ਮਲਾਰ-ਮਲਾਰੀ ਆਦਿ। ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਵਿਚ ਕਿਤੇ ਵੀ ਕਿਸੇ ਰਾਗ ਨੂੰ ਰਾਗਣੀ ਪਰਵਾਨ ਨਹੀਂ ਕੀਤਾ ਗਿਆ। ਇਥੋਂ ਤੱਕ ਕਿ ਆਸਾਵਰੀ, ਗੂਜਰੀ, ਦੇਵਗੰਧਾਰੀ, ਬੈਰਾੜੀ, ਸੂਹੀ, ਜੈਜੈਵੰਤੀ, ਆਦਿ ਕਥਿਤ ਰਾਗਣੀਆਂ ਨੂੰ "ਰਾਗੁ" ਨਾਮ ਹੀ ਪ੍ਰਦਾਨ ਕੀਤਾ ਗਿਆ।

ਤਾਨਸੇਨ, ਬੇਜੂਬਾਵਰਾ ਦੇ ਗੁਰੂ ਸੁਆਮੀ ਹਰੀਦਾਸ (1408-1575 ਈ:) ਗੁਰੂ ਨਾਨਕ ਦੇਵ ਦੇ ਸਮਕਾਲੀ ਸਨ। ਸੁਆਮੀ ਜੀ ਨੂੰ ਉੱਤਰ ਭਾਰਤੀ ਸੰਗੀਤ ਦਾ ਪਰਵਰਤਕ, ਪੁਨਰਉਧਾਰਕ, ਨਵ-ਨਿਰਮਾਤਾ, ਗਾਇਨ ਕਲਾ ਗੰਧ੍ਰਵ ਅਤੇ ਸੰਤ ਕਵੀਆਂ ਵਿਚੋਂ ਰਸਿਕ ਸ਼੍ਰੋਮਣੀ ਆਦਿ ਵਿਭੁਸ਼ਣਾਂ ਨਾਲ ਸੰਗੀਤ ਦੇ ਇਤਿਹਾਸ ਵਿਚ ਸਤਿਕਾਰਿਆ ਜਾਂਦਾ ਹੈ।

ਸੁਆਮੀ ਜੀ ਦੇ ਪ੍ਰਸਿੱਧ 12 ਰਾਗਾਂ ਵਿਚ ਕੁਲ 128 ਪਦ ਮਿਲਦੇ ਹਨ ਜਿਨ੍ਹਾਂ ਵਿਚੋਂ 18 ਸਿਧਾਂਤ ਬਾਰੇ ਅਤੇ 110 ਸ਼ਿੰਗਾਰ ਰਸ ਬਾਰੇ ਹਨ। ਉਨ੍ਹਾਂ ਨੇ ਇਨ੍ਹਾਂ ਰਚਨਾਵਾਂ ਲਈ ਕਾਨੜਾ, ਕੇਦਾਰ, ਕਲਿਆਣ, ਸਾਰੰਗ, ਵਿਭਾਸ, ਮਲਾਰ, ਗੌੜ, ਬਸੰਤ, ਗੌਰੀ, ਨਟ, ਬਿਲਾਵਲ ਅਤੇ ਆਸਾਵਰੀ ਰਾਗਾਂ ਦਾ ਪ੍ਰਯੋਗ ਕੀਤਾ ਹੈ। ਸੁਆਮੀ ਜੀ ਸਰਗੁਣ ਦੇ ਉਪਾਸ਼ਕ ਸਨ। ਉਨ੍ਹਾਂ ਦੀ ਗਾਇਨ ਸ਼ੈਲੀ ਧਰੁਪਦ ਸੀ। ਹਰੀ ਦਾਸ ਜੀ ਦੇ ਸਮੇਂ ਨੂੰ ਸੰਗੀਤਕਾਰਾਂ ਨੇ ਧਰੁਪਦ ਗਾਇਕੀ ਦਾ ਸ੍ਵਰਣਯੁਗ ਮੰਨਿਆ ਹੈ। ਉਨ੍ਹਾਂ ਦੀਆਂ ਰਚਨਾਵਾਂ ਸੁਰ ਪ੍ਰਧਾਨ ਹੋਣ ਦੇ ਨਾਲ ਨਾਲ ਸ਼ਬਦ ਪ੍ਰਧਾਨ ਵੀ ਸਨ। ਬ੍ਰਿਜ ਵਿਚ ਰਾਸ ਲੀਲਾ ਨੂੰ ਪ੍ਰਚਾਰਨ ਵਿਚ ਸੁਆਮੀ ਜੀ ਦਾ ਮਹਾਨ ਯੋਗਦਾਨ ਹੈ।

ਸੁਆਮੀ ਹਰੀ ਦਾਸ ਜੀ ਨੇ ਜੀਵਨ ਦੇ 50 ਵਰ੍ਹੇ ਵ੍ਰਿੰਦਾਵਨ ਵਿਖੇ "ਸ਼ਿਯਾਮ-ਸ਼ਿਯਾਮਾਂ" ਜਾਂ "ਕੁੰਜ ਬਿਹਾਰੀ" ਦੇ ਧਿਆਨ ਵਿਚ ਬਿਤਾਏ। 1875 ਈ. ਵਿਚ ਉੱਤਰ ਭਾਰਤ ਦਾ ਉਹ ਸ਼੍ਰੋਮਣੀ ਗਾਇਕ ਕਾਨੜਾ ਰਾਗ ਦੀ ਮਧੁਰ ਸੁਰਾਵਲੀ ਵਿਚ "ਕੁੰਜ ਬਿਹਾਰੀ ਤੋਂ ਤੇਰੀ ਬਲਈਆਂ ਲੇਹੋ" ਦਾ ਗਾਇਨ ਕਰਦਾ ਹੋਇਆ ਉਸ ਦੀ ਜੋਤਿ ਵਿਚ ਸਦਾ ਲਈ ਸਮਾ ਗਿਆ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ 37 ਰਾਗਾਂ ਵਿਚ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ 976 ਸ਼ਬਦ ਉਪਲਬਧ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸਰਬ ਸਾਧਾਰਣ ਰਾਗਾਂ ਤੋਂ ਬਿਨਾਂ ਕੁਝ ਅਪ੍ਰਚਲਿਤ ਰਾਗ ਵੀ ਵਰਤੇ ਜਿਨ੍ਹਾਂ ਦਾ ਉਲੇਖ ਭਾਰਤੀ ਸੰਗੀਤ ਦੇ ਪੁਰਾਤਨ ਗ੍ਰੰਥਾਂ ਵਿਚ ਨਹੀਂ ਮਿਲਦਾ, ਉਹ ਰਾਗ ਵਰਤਮਾਨ ਤੱਕ ਵੀ ਉਸ ਪੱਧਤੀ ਵਿਚ ਉਪਲੱਬਧ ਨਹੀਂ ਹਨ, ਉਦਾਹਰਣ ਵਜੋਂ ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਗਉੜੀ ਗੁਆਰੇਰੀ, ਗਉੜੀ ਮਾਝ, ਗਉੜੀ ਬੈਰਾਗਣਿ, ਸੂਹੀ, ਤਿਲੰਗ ਕਾਫ਼ੀ, ਤੁਖਾਰੀ ਆਦਿ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਵਿਚ 6 ਦੱਖਣੀ ਰਾਗ ਪ੍ਰਕਾਰ ਵੀ ਵਰਤੇ ਹਨ। ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ,ਰਾਮਕਲੀ ਦਖਣੀ, ਮਾਰੂ ਦਖਣੀ ਅਤੇ ਪ੍ਰਭਾਤੀ ਦਖਣੀ। ਦਖਣੀ ਅਤੇ ਹਿੰਦੁਸਤਾਨੀ ਸੰਗੀਤ ਨੂੰ ਇਕ ਦੂਜੇ ਦੇ ਨਿਕਟ ਲਿਆਉਣ ਲਈ ਜਾਂ ਦੋਹਾਂ ਪੱਧਤੀਆਂ ਵਿਚ ਏਕੀਕਰਣ ਕਰਨ ਲਈ ਗੁਰੂ ਨਾਨਕ ਦੇਵ ਦਾ ਇਹ ਕ੍ਰਾਂਤੀਕਾਰੀ ਕ੍ਰਿਸ਼ਮਾ ਸੰਗੀਤ ਇਤਿਹਾਸ ਵਿਚ ਮਹਾਨ ਗੌਰਵ ਦਾ ਧਾਰਣੀ ਹੈ।

ਸੁਆਮੀ ਹਰੀਦਾਸ ਜੀ ਦਾ ਦੇਸ਼ ਦੀ ਰਾਜਨੀਤੀ ਜਾਂ ਸਰਬ-ਸਾਧਾਰਣ ਲੋਕਾਂ ਨਾਲ ਕੋਈ ਵਿਸ਼ੇਸ਼ ਸੰਪਰਕ ਨਹੀਂ ਸੀ ਰਿਹਾ। ਪਰ ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ ਅਨੇਕਾਂ ਮਤਾਂ ਦੇ ਸੰਤ, ਸਾਧੂ, ਪੀਰ, ਫ਼ਕੀਰਾਂ ਨਾਲ ਮੇਲ ਮਿਲਾਪ ਅਤੇ ਜਾਬਰਾਂ ਦੇ ਜ਼ੁਲਮ ਨਾਲ ਸੰਘਰਸ਼ ਕਰਦਿਆਂ ਬੀਤਿਆ। ਬਾਬਰ ਦੇ ਹਮਲੇ ਨਾਲ ਹਿੰਦੁਸਤਾਨ ਦਾ ਜੋ ਹਾਲ ਹੋਇਆ ਉਸ ਤੋਂ ਗੁਰੂ ਨਾਨਕ ਦੇਵ ਜੀ ਦਾ ਕੋਮਲ ਹਿਰਦਾ ਦ੍ਰਵੀਭੂਤ ਹੋ ਕੇ ਰੱਬ ਨੂੰ ਵੀ ਝਿੰਝੋੜਨ ਤੋਂ ਸੰਕੋਚ ਨਹੀਂ ਕਰਦਾ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ[9]"। ਸਮੇਂ ਦੇ ਹਾਕਮਾ ਦੇ ਜ਼ੁਲਮਾਂ ਬਾਰੇ ਅਤੇ ਉਨ੍ਹਾਂ ਦੀਆਂ ਕੁਟਿਲ ਨੀਤੀਆਂ ਬਾਰੇ 'ਕਲਿ ਕਾਤੀ ਰਾਜੇ ਕਾਸਾਈ'[10] ਜਾਂ ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ"[11]। ਸਚਿਆਰ ਹੋ ਕੇ, ਵੇਲੇ ਸਿਰ ਸੱਚ ਕਹਿਣ ਦਾ ਹੱਕ ਕੇਵਲ ਗੁਰੂ ਨਾਨਕ ਦੇ ਹੀ ਹਿੱਸੇ ਆਇਆ ਹੈ ਜੋ ਉਨ੍ਹਾਂ ਨੂੰ ਸੰਗੀਤ ਦੀਆਂ ਮਧੁਰ ਸੁਰਾਵਲੀਆਂ ਵਿਚ ਗੁੰਦ ਕੇ ਮਨੁੱਖਤਾ ਨੂੰ ਬਖਸ਼ਿਆ।

ਸੁਆਮੀ ਹਰੀ ਦਾਸ ਦੀ ਮਹਾਨ ਦੇਣ ਬ੍ਰਿਜ ਵਿਚ ਰਾਸ ਲੀਲ੍ਹਾ ਦੀ ਪੁਨਰ ਸੁਰਜੀਤੀ ਕਰਨਾ ਮੰਨਿਆ ਜਾਂਦਾ ਹੈ। ਇਸ ਦੇ ਟਾਕਰੇ ਗੁਰੂ ਨਾਨਕ ਦੇਵ ਨੇ ਵੀ ਆਪਣੀ ਅਦੁੱਤੀ ਰਾਸ ਲੀਲ੍ਹਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਸੁਆਮੀ ਜੀ ਦੀ ਰਾਸ ਲੀਲਾ ਕੇਵਲ ਗੋਪੀਆਂ ਅਤੇ ਕ੍ਰਿਸ਼ਨ ਜੀ ਤਕ ਹੀ ਸੀਮਤ ਸੀ ਪਰ ਗੁਰੂ ਨਾਨਕ ਦੀ ਰਾਸ ਲੀਲਾ ਦੇ ਪਾਤਰ ਹੋਰ ਹਨ, ਉਨ੍ਹਾਂ ਦੀਆਂ ਗੋਪੀਆਂ ਅਤੇ ਕਾਨ੍ਹ ਹੋਰ ਹਨ-

ਘੜੀਆ ਸਭੇ ਗੋਪੀਆਂ ਪਹਰ ਕੰਨ੍ਹ ਗੋਪਾਲ।
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰੁ।[12]

ਅਕਬਰ ਦੇ ਦਰਬਾਰੀ ਪ੍ਰਸਿੱਧ ਇਤਿਹਾਸਕਾਰ ਅਬੁੱਲ ਫ਼ਜ਼ਲ ਨੇ 'ਆਈਨੇ-ਅਕਬਰੀ' ਵਿਚ ਜ਼ਿਕਰ ਕੀਤਾ ਹੈ ਕਿ ਤਾਨ ਸੇਨ ਜਿਹਾ ਗਾਇਕ ਪਿਛਲੇ ਹਜ਼ਾਰ ਸਾਲ ਤੋਂ ਭਾਰਤ ਵਿਚ ਪੈਦਾ ਨਹੀਂ ਹੋਇਆ।

ਇਸ ਵਿਚ ਸੰਦੇਹ ਨਹੀਂ ਕਿ ਤਾਨਸੇਨ ਨੇ ਉੱਤਰ ਭਾਰਤੀ ਸੰਗੀਤ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਮਹਾਨ ਯੋਗ ਦਾਨ ਦਿੱਤਾ ਹੈ। ਹਿੰਦੁਸਤਾਨੀ ਸੰਗੀਤ ਵਿਚ ਜਿਤਨੇ ਵੀ ਸੰਗੀਤ ਦੇ ਭਿੰਨ-ਭਿੰਨ ਘਰਾਣੇ ਹਨ ਉਨ੍ਹਾਂ ਸਭਨਾਂ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਤਾਨਸੇਨ ਨਾਲ ਅਵੱਸ਼ ਜੁੜਿਆ ਹੋਇਆ ਹੈ।

ਪੰਡਿਤ ਦਲੀਪ ਚੰਦ ਬੇਦੀ ਦਾ ਕਥਨ ਹੈ ਕਿ ਤਾਨਸੇਨ ਨੇ ਰਾਗ ਮਾਲਾ ਨਾਮ ਦਾ ਇਕ ਗ੍ਰੰਥ ਵੀ ਲਿਖਿਆ ਸੀ ਜਿਹੜਾ ਸੰਗੀਤ ਸ਼ਾਸਤ੍ਰ ਦੇ ਵਿਦਿਆਰਥੀਆਂ ਲਈ ਬੜਾ ਲਾਭਦਾਇਕ ਹੋਇਆ। ਇਸ ਵਿਚ 300 ਤੋਂ ਉਪਰ ਛੰਦ ਅਤੇ ਦੋਹੇ ਹਨ ਜਿਨ੍ਹਾਂ ਵਿਚ ਸੰਗੀਤ ਸੰਬੰਧੀ ਗੂੜ੍ਹ ਗੱਲਾਂ ਦਾ ਸੰਖੇਪ ਰੂਪ ਵਿਚ ਵਰਣਨ ਕੀਤਾ ਗਿਆ ਹੈ। ਇਸ ਵਿਚ 90 ਦੇ ਲੱਗਭਗ ਰਾਗ ਹਨ। ਤਾਨਸੇਨ ਨੇ ਕੁਝ ਰਾਗਾਂ ਦੀ ਰਚਨਾ ਵੀ ਕੀਤੀ ਜਿਨ੍ਹਾਂ ਵਿਚ ਤਾਨਸੇਨੀ ਮਲਾਰ (ਮੀਯਾਂ) ਤਾਨਸੇਨੀ ਸਾਰੰਗ ਅਤੇ ਟੋਡੀ ਬਹੁਤ ਪ੍ਰਸਿੱਧ ਹਨ।[13]

---

[9] ਆਸਾ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 360
[10] ਵਾਰ ਮਾਝ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 145
[11] ਮਲਾਰ ਵਾਰ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 1288
[12] ਵਾਰ ਮਾਝ ਮਹਲਾ 1 ਗੁਰੂ ਗ੍ਰੰਥ ਸਾਹਿਬ ਪੰਨਾ 465
[13] ਪੁਸਤਕ ਗਾਇਨ ਸ਼ਿਕਸ਼ਾ, ਕ੍ਰਿਤ ਪੰਡਿਤ ਦਲੀਪ ਚੰਦ੍ਰ ਬੇਦੀ, ਪੰਨਾ 54

ਭਾਰਤੀ ਸੰਗੀਤ ਵਿਚ ਮਲਾਰ ਸਾਰੰਗ ਅਤੇ ਟੋਡੀ ਰਾਗ ਤਾਨਸੇਨ ਤੋਂ ਪੂਰਵ ਪ੍ਰਚਲਿਤ ਸਨ। ਉਸ ਨੇ ਮਲਾਰ ਵਿਚ ਕੋਮਲ ਗੰਧਾਰ ਅਤੇ ਤਾਨਸੇਨੀ ਸਾਰੰਗ ਵਿਚ ਮਲਾਰ ਦਾ ਕੋਮਲ ਗੰਧਾਰ ਵਰਜਿਤ ਕਰਕੇ ਇਨ੍ਹਾਂ ਰਾਗਾਂ ਨੂੰ ਪ੍ਰਚਾਰ ਵਿਚ ਲਿਆਂਦਾ। ਪਰੰਪਰਾਗਤ ਟੋਡੀ ਅਤੇ ਤਾਨਸੇਨ ਦੁਆਰਾ ਆਵਿਸ਼ਕ੍ਰਿਤ ਤੋੜੀ ਵਿਚ ਅਜੇ ਤਕ ਕੋਈ ਕਲਾਕਾਰ ਭੇਦ ਸਪਸ਼ਟ ਨਹੀਂ ਕਰ ਸਕਿਆ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ (1270–1350) ਈ: ਦੀ ਬਾਣੀ ਟੋਡੀ ਰਾਗ ਵਿਚ ਅੰਕਿਤ ਹੈ ਇਸ ਲਈ ਟੋਡੀ ਰਾਗ ਨੂੰ ਤਾਨਸੇਨ ਦੀ ਰਚਨਾ ਮੰਨਣਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਨਿਆਏਸ਼ੀਲ ਨਹੀਂ ਹੈ।

ਉਕਤ ਮਹਾਨ ਗਾਇਕ ਦੀ ਤੁਲਨਾ ਵਿਚ ਗੁਰੂ ਨਾਨਕ ਦੇਵ ਜੀ ਦੇ 37 ਰਾਗਾਂ ਵਿਚ 976 ਪਦ, ਗੁਰੂ ਅੰਗਦ ਦੇਵ ਦੇ 10 ਰਾਗਾਂ ਵਿਚ 61 ਸਲੋਕ, ਗੁਰੂ ਅਮਰਦਾਸ ਦੇ 46 ਰਾਗਾਂ ਵਿਚ 2216 ਸ਼ਬਦ, ਗੁਰੂ ਤੇਗ ਬਹਾਦਰ ਜੀ ਦੇ 17 ਰਾਗਾਂ ਵਿਚ 69 ਸ਼ਬਦ ਅਤੇ 37 ਸ਼ਲੋਕ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਸਹਿਤ 65 ਰਾਗ ਅੰਕਿਤ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਰਾਗ ਕੇਵਲ ਗੁਰਬਾਣੀ ਸੰਗੀਤ ਦੀ ਹੀ ਉਪਜ ਕਹੇ ਜਾ ਸਕਦੇ ਹਨ। ਉਦਾਹਰਣ ਵਜੋਂ–ਮਾਝ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਗੁਆਰੇਰੀ, ਗਉੜੀ ਬੈਰਾਗਿਣ, ਗਉੜੀ ਮਾਝ, ਗਉੜੀ ਸੋਰਠਿ, ਗਉੜੀ ਮਾਲਾ, ਗਉੜੀ ਮਾਲਵਾ, ਆਸਾ ਕਾਫੀ, ਤਿਲੰਗ ਕਾਫੀ, ਸੂਹੀ ਕਾਫ਼ੀ, ਸੂਹੀ ਲਲਤਿ, ਬਿਲਾਵਲੁ ਗੋਂਡ, ਤੁਖਾਰੀ, ਬਸੰਤ–ਹਿੰਡੋਲ, ਪ੍ਰਭਾਤੀ ਬਿਭਾਸ, ਅਤੇ ਬਿਭਾਸ ਪ੍ਰਭਾਤੀ।

ਗੁਰਬਾਣੀ ਸੰਗੀਤ ਵਿਚ "ਪੜਤਾਲ" ਇਕ ਨਿਵੇਕਲੀ ਅਤੇ ਅਦੁੱਤੀ ਗਾਇਨ ਸ਼ੈਲੀ ਹੈ, ਪ੍ਰਾਚੀਨ ਕਾਲ ਤੋਂ ਵਰਤਮਾਨ ਕਾਲ ਤਕ ਨਾ ਕੇਵਲ ਭਾਰਤੀ ਸੰਗੀਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੀ ਕਿਸੇ ਵੀ ਗਾਇਨ ਸ਼ੈਲੀ ਵਿਚ ਪੜਤਾਲ ਦੀ ਉਦਾਹਰਣ ਨਹੀਂ ਮਿਲਦੀ।

ਪੜਤਾਲ ਦਾ ਸ਼ਾਬਦਿਕ ਅਰਥ ਹੈ। ਪਰਤਤਾਲ ਅਰਥਾਤ ਜਿਸ ਸ਼ਬਦ ਰੀਤ ਵਿਚ ਤੁਕ ਤੇ ਤਾਲ ਪਰਤਦਾ ਰਹੇ ਉਸਨੂੰ ਪੜਤਾਲ ਸੰਗਿਆ ਦਿੱਤੀ ਜਾਂਦੀ ਹੈ।

ਗੁਰਬਾਣੀ ਸੰਗੀਤ ਦੀ ਪੜਤਾਲ ਸ਼ੈਲੀ ਦੇ ਸ਼ਬਦ ਵਿਚ ਵਰਤੇ ਗਏ "ਰਹਾਉ" ਨੂੰ ਸਥਾਈ ਦਾ ਰੂਪ ਦੇ ਕੇ ਹੋਰ ਪਦਾਂ ਨੂੰ ਉਨ੍ਹਾਂ ਦੀ ਕਾਵਿ ਸ੍ਰਿਸ਼ਟੀ ਅਨੁਸਾਰ ਭਿੰਨ ਭਿੰਨ ਤਾਲਾਂ ਵਿਚ ਗੁਰਬਾਣੀ ਅਤੇ ਰਾਗ ਦੀ ਸ਼ੁਧਤਾ ਦਾ ਪੂਰਣ ਧਿਆਨ ਰੱਖਦਿਆਂ ਪਦਾਂ ਵਿਚ ਦਿੱਤੇ ਅੰਕਾਂ ਦੀ ਸੀਮਾ ਵਿਚ ਰਹਿੰਦੇ ਹੋਏ ਸਥਾਈ ਵਿਚ ਬੜੇ ਆਕ੍ਰਸ਼ਿਕ ਅਤੇ ਕਲਾਤਮਕ ਢੰਗ ਨਾਲ ਪ੍ਰਵੇਸ਼ ਕੀਤਾ ਜਾਂਦਾ ਹੈ।

ਪੜਤਾਲ ਸ਼ੈਲੀ ਦਾ ਆਵਿਸ਼ਕਾਰ ਗੁਰੂ ਰਾਮਦਾਸ ਜੀ ਨੇ ਕੀਤਾ ਸੀ। ਉਨ੍ਹਾਂ ਦੀਆਂ ਬਿਲਾਵਲੁ, ਨਟਨਾਰਾਇਨ, ਨਟ, ਸਾਰੰਗ, ਕਾਨੜਾ ਅਤੇ ਪ੍ਰਭਾਤੀ–ਬਿਭਾਸ ਰਾਗਾਂ ਵਿਚ 19 ਪੜਤਾਲਾਂ ਉਪਲਬਧ ਹਨ। ਇਸ ਸ਼ੈਲੀ ਦੀ ਸਿਰਜਣਾ ਕਰਕੇ ਗੁਰੂ ਦੇਵ ਨੇ ਭਾਰਤੀ ਸੰਗੀਤ ਵਿਚ ਉਹ ਮਹਾਨ ਯੋਗ ਦਿਤਾ ਜਿਸ ਦੀ ਕਿਧਰੇ ਮਿਸਾਲ ਨਹੀਂ ਮਿਲਦੀ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਦੇ ਪਗ ਚਿੰਨ੍ਹਾਂ ਤੇ ਚਲਦਿਆਂ ਹੋਇਆਂ ਆਸਾ, ਧਨਾਸਰੀ, ਬਿਲਾਵਲੁ, ਰਾਮਕਲੀ, ਨਟ, ਭੈਰਵ, ਸਾਰੰਗ, ਮਲਾਰ ਅਤੇ ਪ੍ਰਭਾਤੀ ਆਦਿ ਰਾਗਾਂ ਵਿਚ 36 ਪੜਤਾਲਾਂ ਦੀ ਰਚਨਾ ਕਰਕੇ ਭਾਰਤੀ ਸੰਗੀਤ ਨੂੰ ਅਨੁਪਮ ਦੇਣ ਦਿੱਤੀ।

ਪੜਤਾਲ ਸ਼ਬਦ ਦੀ ਕਾਵਿ ਰਚਨਾ ਦੂਜੇ ਸ਼ਬਦਾਂ ਨਾਲੋਂ ਵਿਲੱਖਣ ਹੁੰਦੀ ਹੈ। ਗੁਰੂ ਰਾਮਦਾਸ ਦੁਆਰਾ ਰਚਿਤ ਪੜਤਾਲਾਂ ਲੰਮੇਰੀਆਂ ਤੁਕਾਂ ਅਤੇ ਅੰਤ ਵਿੱਚ ਤਿਹਾਈ ਜਿਵੇਂ "ਹਉ ਹਰਿ ਜਪਿ ਭਈ ਨਿਹਾਲ, ਨਿਹਾਲ, ਨਿਹਾਲ।"[14] ਸੰਗੀਤਕ ਪੱਖ ਤੋਂ ਆਪਣੀ ਉਦਾਹਰਣ ਆਪ ਹੀ ਹਨ।

ਭਾਰਤੀ ਸੰਗੀਤ ਵਿਚ ਸਮੇਂ ਸਿਧਾਂਤ ਦਾ ਬੜਾ ਮੱਹਤਵਪੂਰਨ ਸਥਾਨ ਹੈ। ਵਿਦਵਾਨਾਂ ਨੇ ਹਰ ਇਕ ਰਾਗ ਦੇ ਗਾਉਣ ਦਾ ਇਕ ਵਿਸ਼ੇਸ਼ ਸਮਾਂ ਨਿਸ਼ਚਿਤ ਕੀਤਾ ਹੈ। ਇਸ ਭਾਵ ਨੂੰ ਪ੍ਰਗਟ ਕਰਨ ਲਈ ਇੱਕ ਕਹਾਵਤ ਬੜੀ ਪ੍ਰਸਿੱਧ ਹੈ "ਵੇਲੇ ਦਾ ਰਾਗ ਕੁਵੇਲੇ ਦੀਆਂ ਟਾਹਰਾਂ।"

ਗੁਰਬਾਣੀ ਸੰਗੀਤ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਸਮੇਂ ਸਿਧਾਂਤ ਦਾ ਪੂਰਣ ਤੌਰ ਤੇ ਪਾਲਣ ਕੀਤਾ ਗਿਆ ਹੈ। ਉਦਾਹਰਣ ਵਜੋਂ ਬਿਹਾਗੜਾ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਵਿੱਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ–

"ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ।

[14] ਕਾਨੜਾ ਮਹਲਾ 4, ਪੜਤਾਲ, ਗੁਰੂ ਗ੍ਰੰਥ ਸਾਹਿਬ ਪੰਨਾ 1296

ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।[15]"

ਇਸੇ ਤਰ੍ਹਾਂ ਦਾ ਇਕ ਹੋਰ ਉਦਾਹਰਣ – ਆਸਾ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਅੰਤਿਮ ਪਹਿਰ ਹੈ। ਗੁਰੂ ਅਰਜਨ ਦੇਵ (ਭਾਰਤੀ ਪਰੰਪਰਾ-ਆਸਾ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਅੰਤਿਮ ਪਹਿਰ ਹੈ ਗੁਰੂ ਅਰਜਨ ਦੇਵ (ਭਾਰਤੀ ਪਰੰਪਰਾ ਦੇ ਸਮੇਂ ਸਿਧਾਂਤ ਅਨੁਸਾਰ) ਉਸ ਵੇਲੇ ਦਾ ਦ੍ਰਿਸ਼ ਇਸ ਤਰ੍ਹਾਂ ਵਰਣਨ ਕਰਦੇ ਹਨ।

ਭਿੰਨੀ ਰੈਨੜੀਏ ਚਮਕਨਿ ਤਾਰੇ।
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।"[16]

ਉਪਰੋਕਤ ਰਚਨਾਵਾਂ ਦੀ ਤੁਲਨਾ ਵਿਚ ਭਾਰਤੀ ਸੰਗੀਤ ਵਿੱਚ ਕੁਝ ਖਿਆਲ ਗੀਤ ਅਜਿਹੇ ਵੀ ਪ੍ਰਚਲਿਤ ਹਨ ਜੋ ਰਾਗ ਦੇ ਸਮੇਂ ਦੇ ਬਿਲਕੁਲ ਅਨੁਕੂਲ ਨਹੀਂ ਹਨ। ਉਦਾਹਰਣ ਵਜੋਂ ਰਾਗ ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਦਾ ਹੈ ਇਸ ਰਾਗ ਵਿੱਚ ਇਕ ਖਿਆਲ ਗੀਤ ਇਸ ਪ੍ਰਕਾਰ ਹੈ। 'ਛੇੜੋ ਨਾ ਨੀਂਦ ਮੋਰੀ ਉਟਕ ਜਾਤ ਦੇਖੋ। ਤੁਮ ਤੋਂ ਸਈਆਂ ਕਰਤ ਰਾਰ।''[17] ਜਾਂ ਮੀਆਂ ਕੀ ਸਾਰੰਗ ਜਿਸ ਦਾ ਸਮਾਂ ਵੀ ਦੁਪਹਿਰ ਦਾ ਹੈ ਉਸ ਵਿੱਚ ਇਕ ਖਿਆਲ ਗੀਤ ਇਸ ਤਰ੍ਹਾਂ ਹੈ :

ਕਾ ਕਰੂੰ ਕਿਤ ਜਾਊ, ਮੋਰਾ ਬਿਨ ਪੀਆ ਲਾਗੈ ਨਾ ਜੀਅਰਾ।
ਰੈਨ ਅੰਧੇਰੀ ਕਾਰੀ ਬਿਜਰੀ ਚਮਕਤ ਮੋਰੀ ਬਿਰਥਾ ਪੀਆ ਸੋ ਕਹੋ ਬਦਰਾ।[18]

ਮੱਧਕਾਲ ਵਿੱਚ ਭਾਰਤੀ ਸੰਗੀਤ, ਵਿਸ਼ੇਸ਼ ਕਰਕੇ ਉਤਰੀ ਭਾਰਤ ਦੇ ਸੰਗੀਤ ਵਿੱਚ ਇਕ ਨਵਾਂ ਮੋੜ ਆਇਆ। ਮੁਸਲਿਮ ਸੰਸਕ੍ਰਿਤੀ ਅਤੇ ਮੁਸਲਿਮ ਸ਼ਾਸਕਾਂ ਦੇ ਆਸ਼ਰਯ ਨੇ ਇਸ ਕਲਾ ਦਾ ਚਿਹਰਾ-ਮੁਹਰਾ ਹੀ ਨਹੀਂ ਬਦਲਿਆ ਸਗੋਂ ਇਹ ਆਪਣੇ ਮੁੱਖ ਉਦੇਸ਼ ਤੋਂ ਬਹੁਤ ਦੁਰੇਡੇ ਚਲੀ ਗਈ। ਪੁਰਾਤਨ ਕਾਲ ਵਿੱਚ ਸੰਗੀਤ ਨੂੰ ਮੋਕਸ਼ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਸੀ ਪਰੰਤੂ ਮੁਗਲ ਕਾਲ ਵਿੱਚ ਇਹ ਕੇਵਲ ਮਨੋਂਰਜਨ ਤੱਕ ਹੀ ਸੀਮਤ ਹੋ ਗਿਆ। ਭਗਤੀ ਭਾਵ ਦੇ ਗੀਤਾਂ ਦਾ ਸਥਾਨ ਸ਼ਿੰਗਾਰ ਰਸੀ ਗੀਤਾਂ ਨੇ ਲੈ ਲਿਆ। ਸ਼ਾਸਕਾਂ ਦੀਆਂ ਕਾਮਿਕ ਪ੍ਰਵ੍ਰਿਤੀਆਂ ਤੇ ਵਿਲਾਸਤਾ ਪੂਰਣ ਭਾਵਨਾਵਾਂ ਦਾ ਸੰਗੀਤ ਤੇ ਵੀ ਕਾਫੀ ਪ੍ਰਭਾਵ ਪਿਆ। ਦਰਬਾਰੀ ਗਾਇਕਾਂ ਨੇ ਆਪਣੇ ਅੰਨ ਦਾਤਿਆਂ ਦੀਆਂ ਵਿਨੋਦੀ ਭਾਵਨਾਵਾਂ ਨੂੰ ਉਤੇਜਤ ਕਰਨ ਲਈ ਅਨੇਕ ਧਰੁਪਦ, ਧਮਾਰ, ਖਿਆਲ ਅਤੇ ਦਾਦਰੇ ਉਹਨਾਂ ਸੁਲਤਾਨਾਂ, ਸਮਰਾਟਾਂ, ਬਾਦਸ਼ਾਹਾਂ ਰਾਜਿਆਂ ਅਤੇ ਨਵਾਬਾਂ ਦੀ ਕਾਮਿਕ ਪ੍ਰਵ੍ਰਿਤੀ ਨੂੰ ਪੱਠੇ ਪਾਉਣ ਲਈ ਰਚੇ। ਜਿਥੇ ਸੰਗੀਤ ਵਰਗੀ ਲਲਿਤ ਕਲਾ ਨੇ ਮਾਨਵ ਨੂੰ ਆਪਣੇ ਵਾਸਤਵਿਕ ਧੁਰੇ ਨਾਲ ਜੋੜਨਾ ਸੀ ਉਥੇ ਉਹ ਮਾਧਿਅਮ ਬਣ ਗਈ ਕਨਿਕ ਕਾਮਿਨੀ ਦੀਆਂ ਜ਼ੁਲਫ਼ਾਂ ਅਤੇ ਉਨ੍ਹਾਂ ਦੇ ਨੈਣਾਂ ਦੇ ਲਾਲ ਡੋਰਿਆਂ ਦੀ ਪ੍ਰਸ਼ੰਸਾ ਦਾ। ਤਾਨਸੇਨ ਰਚਿਤ ਇਕ ਧਰੁਪਦ ਗੀਤ ਬਿਹਾਗ ਰਾਗ ਵਿੱਚ ਇਸ ਤਰ੍ਹਾਂ ਹੈ, ਰੂਮ ਝੂਮ ਭਰ ਆਏ ਏ ਰੀ ਨੈਨਾ ਤਿਹਾਰੇ। ਬਿਥੁਰੀ ਸੀ ਅਲਕ ਸ਼ਾਮ ਘਨਸੀ ਲਾਗਤ ਝਪਕ ਝਪਕ ਉਘਰਤ ਮੇਰੇ ਜਾਨ ਤਾਰੇ। ਅਰਨ ਬਰਨ ਨੈਨਾ ਤੇਰੇ ਤਾਮੇ ਲਾਲ ਡੋਰੇ ਤਾਂ ਪਰ ਅੰਬੁਜ ਬਾਰ ਬਾਰ ਡਾਰੇ। ਕਹੇ ਮੀਯਾਂ ਤਾਨਸੇਨ ਸੁਨੋ ਸ਼ਾਹ ਅਕਬਰ ਉਪਮਾ ਕਹਾ ਲੋ ਦੀਨ ਬਿਨ ਅੰਜਨ ਕਜਰਾਰੇ।"[19]

ਸੁਆਮੀ ਹਰੀਦਾਸ ਜੀ ਨੇ ਉਤਰ ਭਾਰਤੀ ਪੱਧਤੀ ਦੇ ਗਾਇਕਾਂ ਨੂੰ ਬੜਾ ਸ਼ੁੱਧ ਸੰਗੀਤ ਅਤੇ ਪਵਿਤ੍ਰ ਸਾਹਿਤ ਪ੍ਰਦਾਨ ਕੀਤਾ ਸੀ। ਜਿਸ ਸ਼ਿਯਾਮ-ਸ਼ਿਯਾਮਾ ਦੀ ਸੁੰਦਰ ਜੋੜੀ ਬਾਰੇ ਉਨ੍ਹਾਂ ਦੀ ਰਚਨਾ ਹੈ "ਜੋੜੀ ਬਚਿੱਤ੍ਰ ਬਨਾਈ ਮਾਈ ਰੀ ਕਾਹੂ ਮਨ ਕੇ ਹਰਨ ਕੇ।" ਅਤੇ ਜਿਸ ਦੇ ਸੰਬੰਧ ਵਿੱਚ ਗੁਰਬਾਣੀ ਦੇ ਰਚਨਹਾਰ ਭਗਤ ਕਵੀ ਨੇ:

"ਧਨਿ ਧਨਿ ਓ, ਰਾਮ ਬੇਨੁਬਾਜੈ। ਮਧੁਰ ਮਧੁਰ ਧੁਨਿ ਅਨਹਤ ਗਾਜੈ।।1ਰਹਾਉ।"
ਧਨਿ ਧਨਿ ਮੇਘਾ ਰੋਮਾਵਲੀ। ਧਨਿ ਧਨਿ ਕ੍ਰਿਸਨ ਓਢੇ ਕਾਂਬਲੀ॥1॥
ਧਨਿ ਧਨਿ ਤੂੰ ਮਾਤਾ ਦੇਵਕੀ। ਜਿਹ ਗ੍ਰਿਹ ਰਮਈਆ ਕਲਾਪਤੀ॥2॥
ਧਨਿ ਧਨਿ ਬਨਖੰਡ ਬਿੰਦ੍ਰਾ ਬਨਾ। ਜਿਹ ਖੇਲੈ ਸ੍ਰੀ ਨਾਰਾਇਨਾ॥3॥
ਬੇਨੁ ਬਜਾਵੈ ਗੋਧਨੁ ਚਰੈ। ਨਾਮੇ ਕਾ ਸੁਆਮੀ ਆਨਦ ਕਰੈ॥4॥[20]ਕਿਹਾ ਹੈ।

[15] ਰਾਗੁ ਬਿਹਾਗੜਾ ਛੰਤ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 544
[16] ਰਾਗੁ ਆਸਾ ਛੰਤ, ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 459
[17] ਭਾਤਖੰਡੇ ਕ੍ਰਿਤ ਕ੍ਰਮਿਕ ਪੁਸਤਕ ਮਾਲਿਕਾ ਭਾਗ-4, ਪੱਨਾ 237-39
[18] ਪੁਸਤਕ ਸੁਲਭ ਸੰਗੀਤ ਲੇਖਕ ਰਘੂ ਨਾਥ ਤਲੇਗਾਂਵਕਰ ਪੰਨਾ 840
[19] ਭਾਤ ਖੰਡੇ ਕ੍ਰਿਤ ਕੁਮਿਕ ਪੁਸਤਕ ਮਾਲਿਕਾ ਭਾਗ-4, ਪੰਨਾ 316-17
[20] ਮਾਲੀ ਗਉੜਾ ਬਾਣੀ ਨਾਮ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਪੰਨਾ 988

ਇਸ ਦੇ ਟਾਕਰੇ ਦਰਬਾਰੀ ਜਾਂ ਬਾਜ਼ਾਰੀ ਗਾਇਕ-ਗਾਇਕਾਵਾਂ ਨੇ ਆਪਣੇ ਸਮਰਾਟਾਂ ਦੀ ਪਸ਼ੂ ਵਿਰਤੀ ਨੂੰ ਵਧੇਰੇ ਪ੍ਰਚੰਡ ਕਰਨ ਲਈ "ਆਜ ਰਾਧੇ ਤੋਰੇ ਬਦਨ ਪਰ ਸ਼ਿਯਾਮ ਕਿਲੇ ਕੀ ਚੋਰੀ। ਅੰਜਨ ਅਧਰ ਨੈਨ ਮਤਵਾਰੇ ਝੁਕ ਝੂਮਤ ਮੇਰੀ ਜਾਨ ਆਜ ਤੂ ਬੇਰੀ।" ਰਾਮਕਲੀ ਜਿਹੇ ਪ੍ਰਭਾਤ ਕਾਲ ਦੇ ਰਾਗ ਵਿੱਚ ਭਗਵਾਨ ਕ੍ਰਿਸ਼ਨ ਅਤੇ ਰਾਧਾ ਪ੍ਰਤਿ ਸਵੇਰ ਦੀ ਪ੍ਰਾਰਥਨਾ ਦਾ ਆਰੰਭ ਉਕਤ ਖਿਆਲ ਦੁਆਰਾ ਕਰਕੇ ਸ਼ਰਧਾਂਜਲੀ ਅਰਪਣ ਕੀਤੀ। ਜਿਸ ਦੀ ਪ੍ਰਾਪਤੀ ਲਈ ਰਿਸ਼ੀਆਂ ਮੁਨੀਆਂ ਨੇ ਅਨੇਕ ਜਫਰ ਜਾਲੇ, ਸੰਤਾਂ ਭਗਤਾਂ ਨੇ ਹਠ ਜਪ ਤਪ ਨਾਲ ਪਹਾੜ ਦੀਆਂ ਕੰਦਰਾਂ ਵਿੱਚ ਤਨ ਗਾਲੇ ਉਸ ਨੂੰ ਖਿਆਲ ਗਾਇਕੀ ਦੇ ਆਵਿਸ਼ਕਾਰਿਕ "ਸਦਾ ਰੰਗ" ਨੇ "ਉੱਚਕ" ਕਹਿ ਕੇ ਆਪਣੇ ਹਿਰਦੇ ਦੀਆਂ ਕੋਮਲ ਭਾਵਨਾਵਾਂ ਦਾ ਇਜ਼ਹਾਰ ਕੀਤਾ। ਉਦਾਹਰਣ ਵਜੋਂ ਰਾਗ ਟੋਡੀ ਖ਼ਿਆਲ

"ਦਈਆ ਬਾਤ ਦੁਭਰ ਭਈ ਮੈਂ ਕਾ ਲੰਗਰਵਾ ਭਰਨ ਨ ਦੇਤ ਗਗਰੀਆ।
ਬਿਹਾਨੇ ਤੋਰੇ ਸੰਗ ਕੈਸੇ ਜਾਉਂ ਸਜਨੀ ਬੀਚ ਮਾਝ ਠਾਰੋ, "ਸਦਾਰੰਗ" ਉੱਚਕਈਆ।"[21]

ਖਿਆਲ ਗਾਇਕਾਂ ਨੇ ਉਸ ਮਹਾਨ ਸੰਗੀਤਾਚਾਰੀਆਂ ਭਗਵਾਨ ਕ੍ਰਿਸ਼ਨ ਨੂੰ ਇਕ ਸ਼ਰਾਰਤੀ ਮੁੰਡੇ ਵਾਂਗ ਗਗਰੀਆਂ ਤੋੜਨ-ਫੋੜਨ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਜਮਨਾ ਕਿਨਾਰੇ 'ਪਨੀਆਂ' ਭਰਨ ਗਈਆਂ ਸ਼ੁਸੀਲ ਕੁੜੀਆਂ ਦੀਆਂ ਬਈਆਂ ਮਰੋੜਨ ਵੀ ਲਗਾ ਦਿੱਤਾ। ਜਿਸ ਨੂੰ ਗੁਰਬਾਣੀ ਵਿੱਚ "ਸਾਵਲ ਸੁੰਦਰ ਰਾਮਈਆ" ਜਾਂ ਬਲਿ-ਬਲਿ ਜਾਉ ਸ਼ਿਆਮ ਸੁੰਦਰ ਕਉ'' ਕਹਿ ਕੇ ਸਤਿਕਾਰਿਆ ਗਿਆ ਹੈ ਉੱਥੇ ਉਤਰ ਭਾਰਤੀ ਸੰਗੀਤ ਦੇ ਖਿਆਲ ਗਾਇਕਾਂ ਨੇ ਉਸ ਨੂੰ "ਜਾਓ ਜੀ ਜਾਓ ਜੀ ਤੁਮ ਖ਼ਾਓਗੇ ਗਾਲੀਆਂ'' ਜਿਹਾ 'ਆਦਰਸ਼ਕ' ਸਾਹਿਤ ਉਪਹਾਰ ਵਜੋਂ ਭੇਟ ਕੀਤਾ। ਇਸ ਦੀ ਤੁਲਨਾ ਵਿੱਚ ਗੁਰਬਾਣੀ ਸੰਗੀਤ ਦੇ ਮਾਧਿਅਮ ਦੁਆਰਾ ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਪ੍ਰਸਤੁਤ ਹੈ-

ਕੋਈ ਜਨੁ ਹਰਿ ਸਿਉ ਦੇਵੈ ਜੋਰਿ।
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰ।[22]"

ਗੁਰਬਾਣੀ ਸੰਗੀਤ ਦਾ ਆਦਰਸ਼ਕ ਸਾਹਿਤ ਮਾਨਵ ਦੀਆਂ ਪਵਿਤ੍ਰ ਭਾਵਨਾਵਾਂ ਨੂੰ ਸੇਧ ਪ੍ਰਦਾਨ ਕਰਦਾ ਹੈ ਅਤੇ ਈਸ਼ਵਰ ਉਪਾਸਨਾ ਰਾਹੀਂ ਪ੍ਰਭੂ ਨਾਲ ਜੋੜਦਾ ਹੈ। ਇਸ ਦੇ ਟਾਕਰੇ ਦੂਜੇ ਬੰਨੇ ਕੁਝ ਖਿਆਲ ਗੀਤਾਂ ਵਿੱਚ ਅਜਿਹਾ ਘਟੀਆ ਸਾਹਿਤ ਮਿਲਦਾ ਹੈ ਜਿਸਦੇ ਰਚਨਹਾਰ ਤਾਂ ਕੱਚੇ ਹੁੰਦੇ ਹੀ ਹਨ ਸਗੋਂ ਗਾਵਨਹਾਰ ਅਤੇ ਸੁਣਨਹਾਰ ਵੀ ਕੱਚੇ ਹੋ ਜਾਂਦੇ ਹਨ। ਉਦਾਹਰਣ ਵਜੋਂ ਰਾਗ ਜੋਨਪੁਰੀ ਵਿੱਚ ਇਕ ਵਿਲੰਬਿਤ ਖਿਆਲ ਦੀ ਬੰਦਿਸ਼ ਇਸ ਤਰ੍ਹਾਂ ਹੈ:-

ਹੂੰ ਨਹਿ ਜੈ ਹੁ ਤੋਰੇ ਦੇਸ਼ ਸੁੰਦਰ, ਤੋ ਤੁਰਕਵਾ ਹੋ ਬਾਮਨੀ।
ਏਕ ਨਿਠਰਾਈ ਛਾਂਡ ਦੇ ਸੋਸਨ ਅਬ ਤੂੰ, ਹੋ ਤੋ ਪਰਤ ਹੂੰ ਤੋਰੇ ਪਾਯੇ।[23]

ਗੁਰਬਾਣੀ ਸੰਗੀਤ ਵਿੱਚ ਖੁਸ਼ਾਮਦੀ ਤੱਤ ਦੇ ਥਾਂ ਪ੍ਰਭੂ ਉਸਤਤਿ ਦੀ ਪ੍ਰਧਾਨਤਾ ਹੈ ਇਥੇ "ਸੋਦਰ" ਦੀ ਸਿਫਤ ਸਾਲਾਹ ਹੈ। ਪਰੰਤੂ ਮੱਧ ਕਾਲੀਨ ਉੱਤਰ ਭਾਰਤੀ ਸੰਗੀਤ ਵਿੱਚ ਵਿਸ਼ੇਸ ਕਰਕੇ ਦਰਬਾਰੀ ਗਾਇਕਾਂ ਦੀਆਂ ਰਚਨਾਵਾਂ" "ਜਿਸਦਾ ਖਾਈਏ ਉਸੇ ਦੇ ਗੁਣ ਗਾਈਏ" ਦਾ ਖੁਸ਼ਾਮਦੀ ਤੱਤ ਪ੍ਰਬਲ ਹੈ। ਅਕਬਰ ਦੀ ਪ੍ਰਸ਼ੰਸਾ ਵਿਚ ਸ਼੍ਰੀ ਰਾਗ ਵਿੱਚ ਗਾਇਆ ਜਾਣ ਵਾਲਾ ਇਕ ਸਾਦਰਾ ਇਸ ਤਰ੍ਹਾਂ ਹੈ।

ਆਯੋ ਰੇ ਆਯੋ ਰੇ ਬਲਵੰਤ ਆਯੋ, ਛਤ੍ਰਪਤੀ ਅਕਬਰ। ਸਪਤਦੀਪ ਔਰ ਅਸ਼ਟ ਦਿਸ਼ਾ ਨਰ ਨਰੇਂਦ੍ਰ ਘਰ ਘਰ ਥਰ ਥਰ ਡਰ।"

ਇਤਿਹਾਸਕਾਰ ਇਸ ਤੱਥ ਤੋਂ ਭਲੀਭਾਂਤ ਪਰਿਚਤ ਹਨ ਕਿ ਔਰੰਗਜ਼ੇਬ ਸੰਗੀਤ ਦਾ ਕੱਟੜ ਦੁਸ਼ਮਨ ਸੀ। ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਸਦਾ ਰੰਗ ਦੁਆਰਾ ਰਚਿਤ ਇਕ ਖਿਆਲ ਗੀਤ ਇਸ ਤਰ੍ਹਾਂ ਹੈ:-

"ਕੀਨੋ ਰੇ ਕਰਤਾਰ ਮਹਾਬਲੀ ਔਰੰਗਜ਼ੇਬ, ਭਯੋ ਤੋਪੇ ਪੂਰੇ ਪਰਤਾਪ।
ਆਪਬਲੀ, ਤਪਬਲੀ, ਨੌਖੰਡ ਮਹਾਬਲੀ, "ਸਦਾ ਰੰਗ" ਛਾਡੋ ਪ੍ਰਤਾਪ।[24]

ਭਾਰਤੀ ਸੰਗੀਤ ਦੇ ਇਤਿਹਾਸ ਵਿਚ ਰਾਜਾ ਮਾਨ ਸਿੰਘ ਤੋਮਰ (1486-1516 ਈ:) ਦਾ ਨਾਮ ਬੜਾ ਪ੍ਰਸਿੱਧ ਹੈ। ਕਿਹਾ ਜਾਂਦਾ ਹੈ ਦਿ ਉਸ ਨੇ ਧਰੁਪਦ ਗਾਇਨ ਸ਼ੈਲੀ ਦਾ ਅਵਿਸ਼ਕਾਰ ਕੀਤਾ ਸੀ।ਉਸ ਦੀ ਇਸ ਮਹਾਨ ਦੇਣ ਕਾਰਨ ਕਿਸੇ ਨਾਇਕ ਜਾਂ ਗਾਇਕ ਨੇ ਉਸ ਪ੍ਰਤਿ ਇਕ ਧਮਾਰ ਗੀਤ ਵਿਚ ਆਪਣੀ ਸ਼ਰਧਾਂਜਲੀ ਇਸ

[21] ਭਾਤਖੰਡੇ ਕ੍ਰਿਤ ਕ੍ਰਮਿਕ ਪ੍ਰਸਤਕ ਮਾਲਿਕਾ, ਭਾਗ ਦੂਜਾ ਪੰਨਾ 454-55
[22] ਜੈਤਸਰੀ ਮਹਲਾ ਪ, ਗੁਰੂ ਗ੍ਰੰਥ ਸਾਹਿਬ ਪੰਨਾ 701-2
[23] ਭਾਤਖੰਡੇ ਕ੍ਰਿਤ ਕ੍ਰਮਿਕ ਪੁਸਤਕ ਮਾਲਿਕਾ, ਭਾਗ ਤੀਜਾ ਪੰਨਾ 180-81
[24] ਭਾਤਖੰਡੇ ਕ੍ਰਿਤ ਕ੍ਰਮਿਕ ਪੁਸਤਕ ਮਾਲਿਕਾ, ਭਾਗ ਤੀਜਾ ਪੰਨਾ 221-22

ਤਰ੍ਹਾਂ ਭੇਟ ਕੀਤੀ ਹੈ। ਰਾਜਾ ਮਾਨ ਹੋਰੀ ਖੇਲੇ ਰੀ। ਪ੍ਰੇਮ ਪ੍ਰੀਤ ਕੀ ਗਾਂਠ ਪਰੀ ਹੈ, ਭਰੁਵਾ (ਭੜੂਆ) ਹੋਯੇ ਸੋ ਝੇਲੇਰੀ।"[25]

ਗੁਰਬਾਣੀ ਸੰਗੀਤ ਵਿੱਚ ਵੀ ਪ੍ਰਸੰਸ਼ਕ ਤੱਤ ਹਨ ਪਰ ਕਿਸੇ ਦੁਨਿਆਵੀ ਸਮਰਾਟ ਦੀ ਪ੍ਰਸ਼ੰਸਾ ਦੇ ਨਹੀਂ। ਉਦਾਹਰਣ ਲਈ "ਪ੍ਰਿਆ ਕੀ ਸੋਭ ਸੁਹਾਵਨੀ ਨੀਤੀ।[26]" ਹਾਹਾ ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ। ਰਹਾਉ। ਧੁਨਿਤ ਲਲਿਤ ਗੁਨਗ੍ਯ ਅਨਿਕ ਭਾਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ।" ਗੁਰਬਾਣੀ ਵਿਚ ਵੀ ਹੋਲੀ ਸੰਬੰਧੀ ਸੰਕੇਤ ਮਿਲਦੇ ਹਨ ਪਰ ਇਸ ਫਾਗ ਵਿੱਚ, ਇਸ ਹੋਲੀ ਵਿੱਚ ਭਾਰਤੀ ਸੰਗੀਤ ਦੇ ਸਾਹਿਤ ਨਾਲੋਂ ਅੰਤਰ ਹੈ–

ਆਜ ਹਮਾਰੇ ਬਨੇ ਫਾਗ। ਪ੍ਰਭ ਸੰਗੀ ਮਿਲਿ ਖੇਲਨ ਲਾਗ।
ਹੋਲੀ ਕੀਨੀ ਸੰਤ ਸੇਵ।ਰੰਗੁ ਲਾਗਾ ਅਤਿ ਲਾਲ ਦੇਵ।[27]

ਸੰਗੀਤ ਇਤਿਹਾਸਕਾਰਾਂ ਦਾ ਇਹ ਵਿਚਾਰ ਹੈ ਕਿ ਰਾਜਾ ਮਾਨ ਸਿੰਘ ਤੋਮਰ (1486–1516 ਈ:) ਨੇ ਆਪਣੀ ਰਾਣੀ ਮ੍ਰਿਗ ਨੈਣੀ, ਜੋ ਗੁਜਰ ਜਾਤ ਵਿੱਚੋਂ ਸੀ ਦੀ ਜਾਤ ਦੇ ਆਧਾਰ ਤੇ ਗੂਜਰੀ ਰਾਗ ਦਾ ਅਵਿਸ਼ਕਾਰ ਕੀਤਾ। ਇਹ ਵਿਚਾਰ ਇਤਿਹਾਸਿਕ ਕਸਵੱਟੀ ਤੇ ਖਰਾ ਨਹੀਂ ਉਤਰਦਾ ਕਿਉਂ ਜੋ ਗੂਜਰੀ ਰਾਗ ਵਿਚ ਭਗਤ ਜੈ ਦੇਵ (ਜਿਸ ਦਾ ਸਮਾਂ ਬਾਰ੍ਹਵੀਂ ਸਦੀ ਦਾ ਉੜ੍ਹਾ ਅਰਧ ਹੈ), ਦੁਆਰਾ ਰਚਿਤ ਇਕ ਪਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੂਜਰੀ ਰਾਗ ਵਿਚ ਅੰਕਿਤ ਹੈ। ਇਸ ਤੋਂ ਬਿਨਾਂ ਭਗਤ ਨਾਮ ਦੇਵ (1270–1350 ਈ.) ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੂਜਰੀ ਰਾਗ ਵਿੱਚ ਉਪਲੱਬਧ ਹੈ।

ਉੱਤਰੀ ਭਾਰਤੀ ਸੰਗੀਤ ਵਿੱਚ ਖਿਆਲ ਗਾਇਨ ਦਾ ਬੜਾ ਮਹੱਤਵਪੂਰਨ ਸਥਾਨ ਹੈ। ਆਧੁਨਿਕ ਯੁਗ ਨੂੰ ਸੰਗੀਤਕਾਰ ਖਿਆਲ ਦਾ ਯੁਗ ਮੰਨਦੇ ਹਨ। ਇਤਿਹਾਸਕਾਰਾਂ ਦਾ ਮਤ ਹੈ ਕਿ ਦਰੁੱਤ ਖਿਆਲ ਦਾ ਆਵਿਸ਼ਕਾਰ ਅਮੀਰ ਖੁਸਰੋ (1252–1334 ਈ.) ਨੇ ਕੀਤਾ ਅਤੇ ਵਿਲੰਬਿਤ ਖਿਆਲ ਦਾ ਆਵਿਸ਼ਕਾਰ ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸ਼ਰਕੀ (1458–1499 ਈ:) ਨੇ। ਅਮੀਰ ਖੁਸਰੋ ਦੀਆਂ ਲਿਖਤਾਂ ਵਿੱਚ ਖਿਆਲ ਦਾ ਆਵਿਸ਼ਕਾਰਿਕ ਹੋਣ ਬਾਰੇ ਕੋਈ ਸੰਕੇਤ ਨਹੀਂ ਮਿਲਦਾ ਅਤੇ ਨਾ ਹੀ ਉਸਦੇ ਸਮਕਾਲੀ ਕਿਸੇ ਲੇਖਕ ਨੇ ਉਸਨੂੰ ਖਿਆਲ ਸ਼ੈਲੀ ਦਾ ਈਜਾਦਕਾਰ ਮੰਨਿਆ ਹੈ। ਹੋ ਸਕਦਾ ਹੈ ਕਿ ਸ਼ਰਕੀ ਨੇ ਵਿਲੰਬਿਤ ਖਿਆਲ ਬਾਰੇ ਕੋਈ ਯਤਨ ਕੀਤਾ ਹੋਵੇ ਪਰ ਇਤਿਹਾਸਕ ਅਧਿਐਨ ਤੋਂ ਇਹ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਮੁਹੰਮਦਸ਼ਾਹ ਰੰਗੀਲੇ ਦੇ ਕਾਲ ਤਕ ਇਹ ਸ਼ੈਲੀ ਕਲਾਕਾਰਾਂ ਵਿੱਚ ਬਹੁਤਾ ਆਦਰ ਸਤਿਕਾਰ ਨਹੀਂ ਪ੍ਰਾਪਤ ਕਰ ਸਕੀ। ਅਮੀਰ ਖਸਰੋ ਜਾਂ ਸੁਲਤਾਨ ਹੁਸੈਨ ਦੁਆਰਾ ਰਚਿਤ ਖਿਆਲ ਨਾ ਹੀ ਕਿਸੇ ਪੁਸਤਕ ਵਿਚ ਉਪਲੱਬਧ ਹਨ ਅਤੇ ਨਾ ਹੀ ਕਿਸੇ ਘਾਰਾਣੇਦਾਰ ਗਾਇਕਾਂ ਦੇ ਸੰਗ੍ਰਿਹ ਵਿੱਚ ਹਨ। ਮੱਧਕਾਲ ਵਿਚ ਭਾਰਤੀ ਸੰਗੀਤ ਦੇ ਕਿਸੇ ਭਗਤ, ਸੰਤ, ਸੂਫੀ ਫਕੀਰ ਗਾਇਕਾਂ ਦੀਆਂ ਕਾਵਿ ਰਚਨਾਵਾਂ ਤੇ ਸਿਰਲੇਖ ਦੇ ਰੂਪ ਵਿੱਚ "ਖਿਆਲ" ਸ਼ੈਲੀ ਦੇ ਤੌਰ ਤੇ ਉਪਲਬੰਧ ਨਹੀਂ ਹੁੰਦਾ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਗਾਇਨ ਸ਼ੈਲੀ ਬਾਰੇ ਕੋਈ ਸੰਕੇਤ ਹੈ। ਸਭ ਤੋਂ ਪਹਿਲਾ ਲਿਖਤੀ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ ਮਿਲਦਾ ਹੈ। ਜਿਸ ਦਾ ਸਿਰਲੇਖ "ਖਿਆਲ ਪਾਤਸ਼ਾਹੀ 10" ਹੈ।

ਇਸ ਤੋਂ ਉਪਰੰਤ ਮੁਹੰਮਦ ਸ਼ਾਹ ਰੰਗੀਲੇ (1719–1748 ਈ:) ਦੇ ਦਰਬਾਰੀ ਗਾਇਕ ਨਿਆਮਤ ਖਾਂ ਜਿਸ ਦਾ ਉਪਨਾਮ "ਸਦਾਰੰਗ" ਸੀ ਅਤੇ ਅਦਾਰੰਗ, ਮਨਰੰਗ, ਹਰਰੰਗ ਨੇ ਸੈਂਕੜੇ ਖਿਆਲ ਗੀਤਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਪ੍ਰਸਿੱਧੀ ਨੂੰ ਦੇਖ ਕੇ ਆਧੁਨਿਕ ਸਮੇਂ ਖਿਆਲ ਸ਼ੈਲੀ ਦੇ ਅਨੇਕ ਰੰਗ ਭਾਦੋਂ ਦੀਆਂ ਖੁੰਬਾਂ ਵਾਂਗ ਪੈਦਾ ਹੋ ਗਏ ਜਿਵੇਂ–ਤਾਨ ਰੰਗ, ਨਵਰੰਗ, ਰਸਰੰਗ, ਸੁਰਤਰੰਗ, ਰਾਗਰੰਗ, ਸਬਰੰਗ, ਰਾਮਰੰਗ ਆਦਿ।

ਉੱਤਰੀ ਭਾਰਤੀ ਸੰਗੀਤ ਦੇ ਖਿਆਲ ਗੀਤਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਸਾਸਨ ਦੀਆ, ਦੇਉਰ ਜੇਠੰਨੀਆ, ਝਨਨਨ ਝਨਨਨ ਬਿਛੂਆ ਬਾਜੇ ਜਾਂ ਪਾਯਲ ਦੀ ਛਨਕਾਰ ਕਰਦੀਆਂ ਹੋਈਆਂ ਜਮੁਨਾ ਕਿਨਾਰੇ ਮਟਕੀ ਫੋੜਨ ਅਤੇ ਬਈਆਂ ਮਰੋੜਨ ਵਿੱਚ ਹੀ ਗੁੰਮ ਹੋ ਜਾਂਦੀਆਂ ਹਨ।

ਉਨ੍ਹਾਂ ਖਿਆਲ ਗੀਤਾਂ ਦੀ ਤੁਲਨਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ ਗੀਤ "ਖਿਆਲ ਪਾਤਸ਼ਾਹੀ 10" ਪ੍ਰਸਤੁਤ ਹੈ–

[25] ਭਾਤਖੰਡੇ ਕ੍ਰਿਤ ਕ੍ਰਮਿਕ ਪੁਸਤਕ ਮਾਲਿਕਾ, ਭਾਗ ਤੀਜਾ ਪੰਨਾ 106–7
[26] ਮਲਾਰ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 1272
[27] ਬਸੰਤ ਮਹਲਾ ੫ ਘਰੁ 1 ਦੁਤਕੇ, ਗੁਰੂ ਗ੍ਰੰਥ ਸਾਹਿਬ ਪੰਨਾ 1180

"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆ ਦਾ ਰਹਿਣਾ।"

ਇਸ ਖਿਆਲ ਵਿੱਚ ਮੁਰੀਦ ਦਾ ਆਪਣੇ ਮੁਰਸ਼ਦ ਪ੍ਰਤੀ ਬਿਰਹਾ ਵੇਦਨਾ ਦਾ ਪ੍ਰਗਟਾਵਾ ਹੈ। ਅਤੇ ਖੇੜਿਆ ਦੇ ਐਸ਼ਵਰਜ ਪੂਰਣ ਜੀਵਨ ਨਾਲੋਂ ਯਾਰੜੇ ਦੇ ਸੱਥਰ ਨੂੰ ਚੰਗੇਰਾ ਸਮਝਿਆ ਗਿਆ ਹੈ।

ਗੁਰਬਾਣੀ ਸੰਗੀਤ ਭਾਰਤੀ ਸੰਗੀਤ ਦਾ ਸਰਬ ਸ਼੍ਰੇਸ਼ਟ ਅਤੇ ਅਨਿੱਖੜ ਅੰਗ ਹੈ ਜਿਸਨੂੰ ਆਪਣੇ ਸਮੇਂ ਦੇ ਮਾਰਗੀ ਸੰਗੀਤ ਦਾ ਸ਼ੁੱਧ ਸਰੂਪ ਮੰਨਿਆ ਜਾ ਸਕਦਾ ਹੈ। ਗੁਰਬਾਣੀ ਸੰਗੀਤ ਨੇ ਨਾ ਕੇਵਲ ਉਸ ਮਾਰਗੀ ਸੰਗੀਤ ਦੀ ਉੱਚ ਅਧਿਆਤਮਕ ਪਰੰਪਰਾ ਨੂੰ ਸੁਰੱਖਿਅਤ ਅਤੇ ਸਥਿਰ ਹੀ ਨਹੀਂ ਰੱਖਿਆ ਸਗੋਂ ਇਸ ਵਿੱਚ ਵਿਕਾਸ ਕੀਤਾ ਅਤੇ ਦੇਸ਼ੀ ਸੰਗੀਤ ਨੂੰ ਵੀ ਮਾਰਗੀ ਸੰਗੀਤ ਦੀ ਪਿਉਂਦ ਲਾਈ ਜਿਸ ਨਾਲ ਇਸ ਦਾ ਖੇਤਰ ਹੋਰ ਵੀ ਵਿਸ਼ਾਲ ਹੋ ਗਿਆ। ਗੁਰੂ ਸਾਹਿਬਾਨ ਨੇ ਆਪਣੇ ਮੰਡਲ ਨਾਲ ਕੁਝ ਅਜਿਹੀਆਂ ਸੰਸਥਾਵਾਂ ਅਤੇ ਪ੍ਰੰਪਰਾਵਾਂ ਨੂੰ ਸੰਗਠਿਤ ਕੀਤਾ ਜਿਸ ਨਾਲ ਗੁਰਬਾਣੀ ਸੰਗੀਤ ਦੀ ਧਾਰਾ ਦਾ ਨਿਰੰਤਰ ਅਤੇ ਅਤੁੱਟ ਪ੍ਰਵਾਹ ਜਾਰੀ ਹੋਇਆ ਜੋ ਵਰਤਮਾਨ ਤੱਕ ਮਨੁੱਖਤਾ ਅਤੇ ਮਾਨਵ ਆਦਰਸ਼ਾਂ ਦੀ ਅਗਵਾਈ ਕਰ ਰਿਹਾ ਹੈ।

ਗੁਰਬਾਣੀ ਅਤੇ ਭਾਰਤੀ ਸੰਗੀਤ ਦੇ ਤੁਲਨਾਤਮਕ ਅਧਿਐਨ ਤੋਂ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਕ੍ਰਿਸ਼ਨ ਜੀ ਦੇ ਸ੍ਰੀ ਮਦਭਾਗਵਦ ਗੀਤਾ ਵਿੱਚ ਨਾਰਦ ਪ੍ਰਤਿ ਕਹੇ ਇਹ ਪ੍ਰਵਚਨ–

"ਨਾ ਹੋ ਵਾਸਾਗਿ ਬੈਕੁੰਠੇ ਯੋਗਿਨਾ ਹਿਰਦੈ ਨਚ।
ਮਦ ਭਕਤਾ : ਯਤ੍ਰ ਗਾਯੰਤੀ, ਤਤ੍ਰ ਤਿਸ੍ਰਠਾਮੀ ਨਾਰਦ।"

ਅਰਥਾਤ:– ਐ ਨਾਰਦ! ਨਾ ਮੈਂ ਬੈਕੁੰਠ ਵਿੱਚ ਰਹਿੰਦਾ ਹਾਂ ਅਤੇ ਨਾ ਹੀ ਯੋਗੀਆਂ ਦੇ ਹਿਰਦੇ ਵਿੱਚ ਸਗੋਂ ਮੈਂ ਉਥੇ ਨਿਵਾਸ ਕਰਦਾ ਹਾਂ ਜਿਥੇ ਮੇਰੇ ਭਗਤ ਮੈਨੂੰ ਗਾਇਨ ਦੁਆਰਾ ਯਾਦ ਕਰਦੇ ਹਨ।

ਉਸ ਮਹਾਨ ਸੰਗੀਤਾਚਾਰੀਆ, ਯੁਗ ਪੁਰਸ਼ ਭਗਵਾਨ ਕ੍ਰਿਸ਼ਨ ਜੀ ਦੇ ਇਹ ਪ੍ਰਵਚਨ ਗੁਰਬਾਣੀ ਸੰਗੀਤ ਦੇ ਵਧੇਰੇ ਨਿਕਟ ਹਨ ਕਿ ਭਾਰਤੀ ਸੰਗੀਤ ਦੇ ਇਸ ਪ੍ਰਸ਼ਨ ਦਾ ਨਿਰਣਾ ਤੁਸੀਂ ਆਪ ਹੀ ਕਰ ਲੈਣਾ।

ਜਿਵੇਂ ਕਿ ਅਸੀਂ ਪਹਿਲਾਂ ਵਿਚਾਰ ਚੁਕੇ ਹਾਂ ਕਿ ਭਾਰਤੀ ਸੰਗੀਤ ਦੇ ਪ੍ਰਾਚੀਨ ਆਚਾਰੀਆਂ ਨੇ ਸੰਗੀਤ ਨੂੰ "ਮੋਕਸ਼" ਪ੍ਰਾਪਤੀ ਦਾ "ਸਾਧਨ" ਮੰਨਿਆ ਹੈ। ਗੁਰਬਾਣੀ ਸੰਗੀਤ ਦਾ ਰਚਨਹਾਰ "ਕਈ ਬਕੁੰਠ ਨਾ ਹੀ ਲਵੈ ਲਾਗੇ। ਮੁਕਤਿ ਬਪੁੜੀ ਭੀ ਗਿਆਨੀ ਤਿਆਗੇ"।[28] ਕਹਿੰਦਾ ਹੈ। ਇਸ ਦੇ ਆਚਾਰੀਆਂ ਦਾ ਲਕਸ਼ ਕੇਵਲ ਮੋਕਸ਼ ਪ੍ਰਾਪਤੀ ਦੇ ਸਾਧਨ ਤਕ ਹੀ ਸੰਗੀਤ ਨੂੰ ਸੀਮਤ ਨਹੀਂ ਰਖਦਾ ਸਗੋਂ ਉਨ੍ਹਾਂ ਦਾ ਲੱਕਸ਼ ਹੈ "ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।[29]

ਉਪਰੋਕਤ ਵਿਚਾਰ ਦੇ ਨਿਸ਼ਕਰਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਸੰਗੀਤ ਨੇ ਮੂਲ ਰੂਪ ਵਿੱਚ ਭਾਰਤ ਦੇ ਮਾਰਗੀ ਸੰਗੀਤ ਦੇ ਸ਼ੁੱਧ ਸਰੂਪ ਨੂੰ ਆਪਣੇ ਵਿੱਚ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਇਸ ਦੁਆਰਾ ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਇਕ ਮਹਾਨ ਗੁਣਾਤਮਕ ਅਤੇ ਕਲਾਤਮਕ ਪਰਿਵਰਤਨ ਵੀ ਹੋਇਆ ਹੈ। ਭਾਵੇਂ ਗੁਰਬਾਣੀ ਸੰਗੀਤ ਦੀ ਇਸ ਵਿਸੇਸ਼ ਪਰੰਪਰਾ ਦੀਆਂ ਸਾਰੀਆਂ ਵਿਸੇਸ਼ਤਾਵਾਂ ਬਾਰੇ ਹਾਲੀ ਕਾਫੀ ਖੋਜ ਲੋੜੀਂਦੀ ਹੈ ਫਿਰ ਵੀ ਇਸ ਦਾ ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਆਪਣਾ ਹੀ ਨਿੱਜੀ ਮਹੱਤਵ ਹੈ। ਇਸ ਦਾ ਪ੍ਰਮੁੱਖ ਯੋਗਦਾਨ ਜਿਵੇਂ ਕਿ ਪਹਿਲਾਂ ਵਰਨਣ ਕੀਤਾ ਗਿਆ ਹੈ, ਮਾਰਗੀ ਅਤੇ ਦੇਸ਼ੀ, ਉੱਤਰੀ ਅਤੇ ਦੱਖਣੀ ਸੰਗੀਤ ਪਧਤੀਆਂ ਦਾ ਸੁੰਦਰ ਸੁਮੇਲ ਜੋ ਕਿ ਸੰਗੀਤਕ ਪ੍ਰਬੀਨਤਾ ਦੇ ਪ੍ਰਦਰਸ਼ਨ ਵਜੋਂ ਨਹੀਂ ਸਗੋਂ ਇਕ ਜਗਿਆਸੂ ਦੀ ਉਪਾਸਨਾ ਅਤੇ ਸੁਹਿਰਦ ਸਾਧਨਾਂ ਦੇ ਰੂਪ ਵਜੋਂ ਹੋਂਦ ਵਿੱਚ ਆਇਆ ਹੈ। ਜਿਸ ਨੂੰ ਗੁਰੂ ਸਾਹਿਬਾਨ ਦੀਆਂ ਮਹਾਨ ਵਿਭੂਤੀਆਂ ਨੇ ਨਿਵਾਜਿਆ ਹੈ ਅਤੇ ਇਸ ਦਾ ਮਹੱਤਵ ਸਦੀਵੀ ਅਤੇ ਸਰਬਕਾਲੀ ਹੈ। ਇਹੋ ਹੀ ਕਾਰਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਰਗੇ ਰੱਬੀ ਗਾਇਕ ਦੀ ਕਲਪਨਾ ਵਿੱਚ "ਸੋਦਰੀ" ਸੰਗੀਤ ਅਤੇ ਵਿਸ਼ਵ ਵਿਆਪੀ ਸਰਬ ਸਮੇਂ ਹੋ ਰਹੀ "ਅਨਹਤਾ ਸਬਦ ਵਾਜੰਤ ਭੇਰੀ"[30] ਆਰਤੀ ਦਾ ਮਹਾਨ ਸੰਕਲਪ ਉਤਪੰਨ ਹੋਇਆ ਜੋ ਸੰਗੀਤ ਕਲਾ ਦੇ ਇਤਿਹਾਸ ਵਿੱਚ ਇਕ ਅਪੂਰਵ ਅਤੇ ਅਨੂਠੀ ਦੇਣ ਸੀ। ਗੁਰੂ ਅਰਜਨ ਦੇਵ ਜੀ ਨੇ "ਏਕੁ ਪਿਤਾ

[28] ਮਾਰੂ ਸੋਲਹੇ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 1078
[29] ਦੇਵ ਗੰਧਾਰੀ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 534
[30] ਧਨਾਸਰੀ ਮਹਲਾ 1, ਆਰਤੀ ਗੁਰੂ ਗ੍ਰੰਥ ਸਾਹਿਬ ਪੰਨਾ 663

ਏਕਸ ਕੇ ਹਮ ਬਾਰਿਕ"[31] ਅਤੇ "ਨ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।"[32] ਦਾ ਸੰਦੇਸ਼ ਇਸੇ ਸੰਗੀਤ ਦੀਆਂ ਮਧੁਰ ਸੁਰਾਵਲੀਆਂ ਵਿੱਚ ਗੁੰਦ ਕੇ ਮਨੁਖਤਾ ਨੂੰ ਦਿੱਤਾ।ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਹਿਬੂਬ ਨੂੰ ਖਿਰਾਜੇ ਅਕੀਦਤ ਇਸੇ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਵਿੱਚ ਪੇਸ਼ ਕੀਤਾ-

"ਨਮੋ ਗੀਤ ਗੀਤੇ। ਨਮੋ ਤਾਨ ਤਾਨੇ।
ਨਮੋ ਨ੍ਰਿਤ ਨ੍ਰਿਤੇ। ਨਮੋ ਨਾਦ ਨਾਦੇ।
ਨਮੋ ਪਾਨ ਪਾਨੇ। ਨਮੋ ਬਾਦ ਬਾਦੇ।

ਸ਼ੋਕ ਹੈ ਕਿ ਅਸੀਂ ਇਸ ਮਹਾਨ ਸੰਗੀਤ ਕਲਾ ਦੇ ਇਸ ਅਮੋਲਕ ਅਤੇ ਲਾਸਾਨੀ ਵਿਰਸੇ ਨੂੰ ਨਾ ਕੇਵਲ ਪੂਰਣ ਰੂਪ ਵਿੱਚ ਸੁਰੱਖਿਅਤ ਹੀ ਰੱਖ ਸਕੇ ਹਾਂ ਅਤੇ ਨਾ ਹੀ ਸਾਡੇ ਕੀਰਤਨਕਾਰਾਂ ਅਤੇ ਗਾਇਕਾਂ ਨੇ ਅਸਗਾਹ ਸਾਗਰ ਦਾ ਯੋਗ ਭਾਂਤ ਮੰਥਨ ਅਤੇ ਚਿੰਤਨ ਕੀਤਾ ਹੈ। ਇਹੋ ਹੀ ਕਾਰਣ ਹੈ ਕਿ ਗੁਰਬਾਣੀ ਸੰਗੀਤ ਸਰਬ ਸ਼੍ਰੇਸ਼ਟ ਹੋਣ ਤੇ ਵੀ ਅਜੇ ਤਕ ਇਹ ਵਿਸ਼ਵ ਵਿਆਪੀ ਸਥਾਨ ਨਹੀਂ ਲੈ ਸਕਿਆ। (ਅੰਮ੍ਰਿਤ ਕੀਰਤਨ 1990 ਜਨਵਰੀ ਫਰਵਰੀ ਪ੍ਰੋ. ਤਾਰਾ ਸਿੰਘ ਵਿਸ਼ੇਸ਼ ਅੰਕ ਵਿੱਚੋਂ)

ਰੀਵੀਊ- ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪਰੰਪਰਾ

ਰੀਵੀਊਕਾਰ -ਜਗਤਾਰ ਜੀਤ ਸਿੰਘ-ਮੋਬਾਈਲ 75320 40165

ਕਿਤਾਬ ਦਾ ਨਾਮ: ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪਰੰਪਰਾ
ਲੇਖਕ: ਬਲਬੀਰ ਸਿੰਘ ਕੰਵਲ
ਛਾਪਕ:- ਸਿੰਘ ਬ੍ਰਦਰਜ਼, ਅੰਮ੍ਰਿਤਸਰ
ਪੰਨੇ/ ਮੁੱਲ:- 392/500 ਰੁਪਏ

ਬਲਬੀਰ ਸਿੰਘ ਕੰਵਲ 'ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪੰਰਪਰਾ' ਪੁਸਤਕ ਰਾਹੀਂ ਪੰਜਾਬ ਦੇ ਸੰਗੀਤ ਨੂੰ ਸਾਧਾਰਣ ਜਾਂ ਚਲੰਤ ਪੱਖੋਂ ਜਾਣਨ-ਦੱਸਣ ਦੇ ਰਾਹ ਨਹੀਂ ਪੈਂਦਾ। ਇਸ ਦੀ ਪ੍ਰੋੜਤਾ ਲੇਖਕ ਦੀਆਂ ਉਹਨਾਂ ਪੁਸਤਕਾਂ ਤੋਂ ਵੀ ਹੁੰਦੀ ਜਿਨ੍ਹਾਂ ਦਾ ਜ਼ਿਕਰ ਇਸ ਕਿਤਾਬ ਵਿਚ ਦਰਜ ਹੈ।

ਅਤਿ ਵਿਸ਼ਿਸ਼ਟ ਵਰਗ ਭਾਰਤੀ ਸੰਗੀਤ-ਖੇਤਰ ਵਿਚ ਪੰਜਾਬ ਦੇ ਸੰਗੀਤਕ ਯੋਗਦਾਨ ਨੂੰ ਭਾਵੇਂ ਜਾਣਦਾ ਹੈ ਪਰ ਵੱਖ-ਵੱਖ ਪੱਧਰ ਦੇ ਗਿਆਤਾ ਅਤੇ ਗਿਆਨ-ਖੇਤਰਾਂ ਨਾਲ ਜੁੜੇ ਵਿਅਕਤੀ ਇਸ ਵਲੋਂ ਅਵੇਸਲੇ ਹੀ ਹਨ' ਇਹ ਦੁੱਖਦਾਈ ਸੱਚ ਹੈ। ਕੰਵਲ ਦੀ ਰਚਨਾ ਪੰਜਾਬ ਦੀ ਸੰਗੀਤ ਪਰੰਪਰਾ ਦੇ ਮੁੱਢ ਤਕ ਜਾਂ ਫੇਰ ਕਲਾ-ਕ੍ਰਮ ਵਿੱਚ ਹੋਣ ਵਾਲੇ ਵਿਸਥਾਰ ਨੂੰ ਡੂੰਘਾਈ ਨਾਲ ਬਿਆਨਦੀ ਹੈ।

ਬਲਬੀਰ ਸਿੰਘ ਕੰਵਲ ਦਾ ਜਨਮ 8/3/1934 ਦਾ ਹੈ। ਏਦਾਂ ਇਹ ਪੁਸਤਕ ਜੀਵਨ ਭਰ ਦੀ ਘਾਲ ਦਾ ਇੱਕਤਰ ਗਿਆਨ ਹੈ। ਕਿਤਾਬ ਵਿਚਲੀ ਦਰਜ ਜਾਣਕਾਰੀ ਜਾਂ ਉਸ ਨਾਲ ਰਲਦੀ-ਮਿਲਦੀ ਜਾਣਕਾਰੀ ਲੇਖਕ ਪਹਿਲੇ ਵੀ ਭਿੰਨ-ਭਿੰਨ ਲੇਖਾਂ ਰਾਹੀਂ ਪਾਠਕਾਂ ਤਕ ਪਹੁੰਚਾਉਂਦਾ ਆ ਰਿਹਾ ਹੈ।

ਪੌਣ-ਪਾਣੀ, ਜੀਵ-ਜੰਤਾਂ ਨੂੰ ਜਿਵੇਂ ਭੂਗੋਲਿਕ ਖਿੱਤਿਆ ਵਿਚ ਕੈਦ ਕਰਕੇ ਨਹੀਂ ਰਖਿਆ ਜਾ ਸਕਦਾ ਲਗਭਗ ਉਸੇ ਤਰ੍ਹਾਂ ਦਾ ਵਿਚਾਰ ਸੰਗੀਤ ਬਾਰੇ ਵੀ ਦ੍ਰਿੜਾਇਆ ਜਾ ਸਕਦਾ ਹੈ।

ਲੇਖਕ ਜਨ ਸਾਧਾਰਣ ਵਿਚ ਵਿਆਪਤ ਮਿੱਥ ਨੂੰ ਤੋੜਦਾ ਹੈ ਕਿ ਪੰਜਾਬ ਦੇ ਜਨ, ਮਾਨਸ ਦਾ ਕੋਮਲ ਕਲਾਵਾਂ ਨਾਲ ਕੋਈ ਸਬੰਧ ਨਹੀਂ ਰਿਹਾ। ਉਦਾਂ ਤਾਂ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਦਾ ਸਬੰਧ ਰਾਗਾਂ ਨਾਲ ਜੋੜਕੇ ਗੁਰੂ ਅਰਜੁਨ ਦੇਵ ਜੀ ਨੇ ਸ਼ਬਦ ਗਾਇਨ ਵੇਲੇ ਰਾਗ ਦੇ ਮੱਹਤਵ ਨੂੰ ਸਥਾਈ ਕਰ ਦਿਤਾ।

[31] ਸੋਰਠਿ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 611-12
[32] ਕਾਨੜਾ ਮਹਲਾ ੫, ਗੁਰੂ ਗ੍ਰੰਥ ਸਾਹਿਬ ਪੰਨਾ 1299

ਲੇਖਕ ਸੰਗੀਤ ਨੂੰ ਵਿਆਪਕ ਦਾਇਰੇ ਵਿਚ ਦੇਖਦਾ ਹੈ ਜਿਥੇ ਧਰਮ, ਜਾਤ, ਵਰਗ, ਬੇਮਾਇਨੇ ਹੋ ਜਾਂਦੇ ਹਨ। ਕਿਸੇ ਵੇਲੇ ਲਗਦਾ ਹੈ ਜਿਵੇਂ ਲੇਖਕ ਪਾਠਕ ਦੀ ਉਂਗਲੀ ਫੜ ਕੇ ਉਸ ਨੂੰ ਭੁਲੇ-ਵਿਸਰੇ ਰਾਹ ਉੱਪਰ ਤੋਰ ਸੰਗੀਤ ਨਾਲ ਪ੍ਰਫੁੱਲਤ ਟਾਪੂ ਦੇ ਦਰਸ਼ਨ ਕਰਵਾ ਰਿਹਾ ਹੈ। ਅਜਿਹੇ ਵੇਲੇ ਲੇਖਕ ਦਾ ਦਖਲ ਕਾਫੀ ਜ਼ਿਆਦਾ ਹੋ ਜਾਂਦਾ ਹੈ। ਉਹ ਖੁਦ ਕੇਂਦਰ ਵਿੱਚ ਆ ਖੜਦਾ ਹੈ। ਕਿਉਂਕਿ ਇਕੋ ਵੇਲੇ ਕਈ ਕੰਮ ਕਰ ਰਿਹਾ ਹੈ। ਜਿਵੇਂ ਇਕ, ਸਰੋਤ (ਵਿਅਕਤੀ, ਪੁਸਤਕ, ਥਾਂ) ਤਕ ਪਹੁੰਚਨ ਲਈ ਸ਼ਫਰ ਕਰਨਾ। ਦੋ, ਮਿਲਣ ਵਾਲੇ ਨੂੰ ਸੁਣਨਾ, ਉਹਦੇ ਕਹੇ ਨੂੰ ਲਿਖਣਾ। ਤਿੰਨ, ਪ੍ਰਾਪਤ ਹੋਣ ਵਾਲੀਆ ਵਸਤਾਂ, ਗ੍ਰਾਮੋਫੋਨ ਰੀਕਾਰਡਾਂ ਨੂੰ ਸਾਂਭਣਾ, ਫੇਰ ਸਾਰੇ ਅਨੁਭਵ ਨੂੰ ਆਤਮਸਾਤ ਕਰਕੇ ਕਥਾ ਕਹਿਣ ਦੇ ਅੰਦਾਜ਼ ਵਿਚ ਲਿਖਕੇ ਹੋਰਾਂ ਨਾਲ ਸਾਝਾਂ ਕਰਨਾ।

ਇਹ ਸਾਰੇ ਤੱਤ ਕੰਵਲ ਦੇ ਘੁਮੱਕੜੀ ਜੀਵਨ ਵਲ ਵੀ ਇਸ਼ਾਰਾ ਕਰਦੇ ਹਨ ਜੋ ਉਸ ਦੇ ਲਿਖੇ ਵਿੱਚੋਂ ਝਾਕਦਾ ਹੈ। ਲਿਖੇ ਵਿਚ ਇੱਕ ਰਵਾਨਗੀ ਦਾ ਅਹਿਸਾਸ ਹੈ ਜਿਵੇਂ ਠਹਿਰਾਵ ਹੈ ਹੀ ਨਹੀਂ।

ਲੇਖਕ ਸਾਹਮਣੇ ਇਕੋ-ਇਕ ਉਦੇਸ਼ ਹੈ, ਪੰਜਾਬ ਖਿੱਤੇ ਦੇ ਸੰਗੀਤਕ ਮਾਹੌਲ ਨੂੰ ਜਾਣਨਾ। ਸੰਗੀਤ ਗੁਰੂ-ਸ਼ਿਸ਼ ਪਰੰਪਰਾ ਵਿਚ ਵਿਚਰਦਿਆਂ ਹੋਇਆਂ ਧਰਮ, ਜਾਤ, ਭੁਗੋਲਿਕਤਾ ਦੀ ਭਿੰਨਤਾ ਨਹੀਂ ਕਰਦਾ। ਇਹ ਕਿਤਾਬ ਇਹਦੀ ਝਲਕ ਦੇਂਦੀ ਹੈ। ਜਦ ਗਾਇਕ ਦਾ ਜ਼ਿਕਰ ਹੈ ਤਾਂ ਉਸ ਦੇ ਪਰਿਵਾਰ, ਉਸ ਨੂੰ ਸ਼ਰਨ ਦੇਣ ਵਾਲੇ ਨਿੱਕੇ-ਵੱਡੇ ਰਾਜਿਆਂ ਦੀਆਂ ਪਸੰਦਗੀਆਂ- ਨਾਪਸੰਦਗੀਆਂ ਦੀਆਂ ਕਹਾਣੀਆਂ ਦਾ ਜ਼ਿਕਰ ਵੀ ਖੂਬ ਹੋਇਆ ਹੈ। ਇਸ ਸਬੰਧ ਵਿਚ ਛੱਜੂਰਾਮ ਦਾ ਕਿੱਸਾ ਦਿਲਚਸਪ ਹੈ ਜੋ ਜੰਮੂ ਰਿਆਸਤ ਦੇ ਗੁਲਾਬ ਸਿੰਘ ਵਾਸਤੇ ਨਹੀਂ ਗਾਉਂਦਾ ਅਤੇ ਵਾਪਿਸ ' ਹਰਿਆਣਾ' ਆ ਜਾਂਦਾ ਹੈ। ਇਥੇ ਉਹ ਆਪਣੀ ਮੌਜ ਵਿਚ ਗਾਉਂਦਾ ਹੈ ਤੇ ਵਰ੍ਹਿਆਂ ਦੀ ਔੜ ਦੀ ਸਤਾਈ ਧਰਤੀ ਮੀਂਹ ਨਾਲ ਹਰੀ-ਭਰੀ ਹੋ ਜਾਂਦੀ ਹੈ। ਨਾਮਵਰ ਗਵਈਆਂ ਦੇ ਨਾਮ ਨਾਲ ਜੁੜੇ ਕੁਝ ਹੋਰ ਕਿੱਸੇ ਪੜ੍ਹਨ ਨੂੰ ਮਿਲਦੇ ਹਨ। ਜੋ ਪੜ੍ਹਨ ਵਾਲੇ ਦੇ ਮਨ ਵਿਚ ਇੱਕ ਵਿਚਿੱਤਰ ਸੰਸਾਰ ਰਚ ਦੇਂਦੇ ਹਨ। ਸੁਆਮੀ ਹਰੀਦਾਸ, ਤਾਨਸੇਨ ਅਤੇ ਬੈਜੂ ਬਾਵਰਾ ਬਾਰੇ ਦਿਤੇ ਵੇਰਵੇ ਇਸੇ ਵਰਗ ਵਿਚ ਆਉਂਦੇ ਹਨ।

ਗਾਉਣ ਵਾਲਿਆਂ ਦੇ ਜੀਵਨ ਬਾਰੇ ਦਸਦਿਆਂ-ਦਸਦਿਆਂ ਲੇਖਕ ਗਾਇਨ ਕਲਾ ਦੀਆਂ ਬਰੀਕੀਆਂ ਨੂੰ ਵੀ ਦਸ-ਦੇਂਦਾ ਹੈ ਜਿਵੇਂ ਜੁਗਲ ਗਾਇਨ ਦਾ ਕੀ ਨਫ਼ਾ-ਨੁਕਸਾਨ ਹੈ। ਉਹ ਪੂਰਕ ਹੋਣਾ ਚਾਹੀਦਾ ਹੈ। ਅਤੇ ਇਹਦੇ ਕਾਰਣਾਂ ਦਾ ਜ਼ਿਕਰ ਵੀ ਕਰਦਾ ਹੈ।

ਧਰੁਧਦ ਗਾਇਨ ਅਤੇ ਖਿਆਲ ਗਾਇਨ ਦੇ ਅੰਤਰ ਵਲ ਵੀ ਉਹ ਵਿਸਥਾਰ ਨਾਲ ਗੱਲ ਕਰਦਾ ਹੈ। ਅਸਲ ਵਿੱਚ ਸੰਗੀਤ ਬਾਰੇ ਜਦ ਗੱਲ ਕੀਤੀ ਜਾਂਦੀ ਹੈ ਤਾਂ ਉਹ ਨਿਰੋਲ ਸੰਗੀਤ ਕੇਂਦਰਿਤ ਨਹੀਂ ਰਹਿੰਦੀ। ਉਦਾਹਰਣ ਵਜੋਂ ਜਦ ਪਟਿਆਲਾ ਘਰਾਣੇ ਦਾ ਜ਼ਿਕਰ ਹੁੰਦਾ ਹੈ ਤਾਂ ਉਥੇ ਦੇ ਭੁਗੋਲ, ਕੁਦਰਤ, ਇਤਿਹਾਸਕ ਵੇਰਵੇ ਅਤੇ ਵਿਅਕਤੀਆਂ ਦੇ ਸੁਭਾਵਾਂ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾਂਦਾ। ਪਟਿਆਲਾ ਰਿਆਸਤ ਦੇ ਹੋਣ ਵਾਲੇ ਵੱਖ-ਵੱਖ ਰਾਜਿਆਂ ਵਲੋਂ ਗਾਇਨ ਅਤੇ ਵਾਦਨ ਕਲਾ ਨੂੰ ਦਿਤੇ ਜਾਣ ਵਾਲੇ ਸਹਿਯੋਗ ਦੀ ਭਰਪੂਰ ਚਰਚਾ ਕੀਤੀ ਹੈ। ਰਾਜ ਘਾਰਾਣੇ ਦੇ ਰਾਜਾ ਮ੍ਰਿਗੇਂਦਰ ਸਿੰਘ ਦੀ ਗਾਇਨ ਅਤੇ ਵਾਦਨ ਕਲਾ ਬਾਰੇ ਕੰਵਲ ਨਿੱਘ ਨਾਲ ਗੱਲ ਕਰਦਾ ਹੈ।

ਪੰਜਾਬ ਦੇ ਦੂਸਰੇ ਘਰਾਣਿਆਂ ਨਾਲ ਜੁੜੀ ਜਾਣਕਾਰੀ ਵੀ ਉਸੇ ਲੈਅਦਾਰ ਆਮ ਭਾਸ਼ਾ ਵਿਚ ਕਲਮਬੱਧ ਕਰਨ ਉਪਰੰਤ ਲਗਭਗ ਸੌ ਗਾਇਨਕਾਰਾਂ ਬਾਬਤ ਖੋਜ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਹਰੇਕ ਨੇ ਆਪਣੀ ਤਰ੍ਹਾਂ ਗਾਇਨ ਵਿੱਦਿਆ ਪ੍ਰਾਪਤ ਕਰਕੇ ਆਪਣੀ ਗਾਇਕੀ ਨੂੰ ਨਿਜੀ ਮਿਹਨਤ ਨਾਲ ਨਿਖਾਰਿਆ। ਲੇਖਕ ਕਈ ਥਾਈਂ ਉਹਨਾਂ ਦੀ ਜ਼ਿੰਦਗੀ ਦੇ ਵੇਰਵੇ ਦੇਂਦਾ ਹੋਇਆ ਉਹਨਾਂ ਵਲੋਂ ਗਾਈਆਂ ਜਾਣ ਵਾਲੀਆਂ ਬੰਦਸ਼ਾਂ ਦੇ ਹਵਾਲੇ ਦੇਂਦਾ ਹੈ, ਜਿਸ ਨਾਲ ਲਗਦਾ ਹੈ, ਪਰੰਪਰਾ ਅਤੇ ਆਧੁਨਿਕਤਾ ਵਿਚਾਲੇ ਇਕ ਪੁਲ ਉਸਾਰਿਆ ਜਾ ਰਿਹਾ ਹੈ।

ਚੜ੍ਹਤ ਵੇਲੇ ਪੰਜਾਬੋਂ, ਕਈ ਗਾਇਕ, ਬਾਹਰ ਗਏ ਅਤੇ ਕਈ ਬਾਹਰੋਂ ਪੰਜਾਬ ਆਏ। ਇਹ ਆਦਾਨ-ਪ੍ਰਦਾਨ ਸੰਗੀਤ ਸੰਸਾਰ ਵਿਚ ਸਹਿਜ ਭਾਵ ਹੁੰਦਾ ਰਹਿੰਦਾ ਹੈ। ਇਸੇ ਕਾਰਨ ਵਰਤਮਾਨ ਸਮੇਂ ਵਿਚ ਭਾਰਤੀ ਸੰਗੀਤ ਜਗਤ ਵਿੱਚ ਪੰਜਾਬ ਦੇ ਘਰਾਣਿਆਂ ਨੂੰ ਸਤਿਕਾਰ ਪ੍ਰਾਪਤ ਹੈ।

ਅਜੋਕਾ ਸਮਾਂ ਕੀ ਪਹਿਲੇ ਵਾਲੇ ਸਮੇਂ ਤੋਂ ਬਿਹਤਰ ਹੈ ਜਾਂ ਨਹੀਂ? ਪਹਿਲਾਂ ਰਾਜ ਘਰਾਣੇ ਸੰਗੀਤ ਨੂੰ ਉਤਸਾਹਿਤ ਕਰਦੇ ਸਨ। ਉਹ ਗੁਣੀ ਵੀ ਸਨ। ਇਹਦੀ ਭਿਣਕ ਇਸੇ ਕਿਤਾਬ ਵਿਚੋਂ ਮਿਲਦੀ ਹੈ।

ਬਲਬੀਰ ਸਿੰਘ ਕੰਵਲ ਨੇ ਕਈ ਗਾਉਣ ਵਾਲਿਆਂ, ਸਾਜ ਵਜਾਉਣ ਵਾਲਿਆਂ ਦੀਆਂ ਬਲੈਕ ਐਂਡ ਵਾਇਟ ਅਤੇ ਰੰਗਦਾਰ ਤਸਵੀਰਾਂ ਨੂੰ ਪੁਸਤਕ ਵਿਚ ਜਗ੍ਹਾ ਦਿਤੀ ਹੈ। ਏਦਾਂ ਦਰਸ਼ਕ ਨੂੰ ਆਪਣੇ ਪਸੰਦੀਦਾ ਗਵੱਈਏ ਜਾਂ ਵਜੰਤਰੀ ਨੂੰ ਦੇਖਣ ਦਾ ਮੌਕਾ ਵੀ ਮਿਲ ਜਾਂਦਾ ਹੈ।

ਲੇਖਕ ਨੇ ਜੋ ਗੱਲ ਕਹੀ ਹੈ। ਤਥਾਤਮਕ ਹੇ। ਕਾਲਪਨਿਕ ਕਥਨ ਨੂੰ ਥਾਂ ਨਹੀਂ ਦਿਤੀ ਗਈ। ਜਿਥੇ ਵੀ ਲੋੜ ਮਹਿਸੂਸ ਹੁੰਦੀ ਹੈ, ਸਬੰਧਤ ਪੁਸਤਕ ਜਾਂ ਇੰਦਰਾਜ ਦਾ ਹਵਾਲਾ ਦਿਤਾ ਹੈ, ਕੰਵਲ ਦਾ ਦੂਜਾ ਅਰਥ ਸੰਗ੍ਰਹਿਕਰਤਾ ਵੀ ਹੈ। ਸੰਗੀਤ ਨਾਲ ਜੁੜੇ ਲੇਖਾਂ, ਕਿਤਾਬਾਂ, ਰੀਕਾਰਡਾਂ, ਕੈਸਟਾ, ਤਸਵੀਰਾਂ ਦਾ ਉਸ ਪਾਸ ਜਖੀਰਾ ਹੈ।

ਕਿਤਾਬ ਪੜ੍ਹਨ ਵੇਲੇ ਮਹਿਸੂਸ ਹੁੰਦਾ ਰਿਹਾ ਜਿਵੇਂ ਬਣੀ ਹੋਈ ਇਕਸਾਰਤਾ ਨੂੰ ਥੋੜੀ ਢਿੱਲ ਦੇ ਦਿਤੀ ਗਈ ਹੈ, ਇਸ ਦੇ ਬਾਵਜੂਦ ਇਹ ਆਪਣੀ ਲਿਸ਼ਕ ਅਤੇ ਪ੍ਰਭਾਵ ਨੂੰ ਬਣਾ ਕੇ ਰਖਦੀ ਹੈ। ਇਹ ਕਠਿਨ ਮਿਹਨਤ ਦਾ ਨਮੂਨਾ ਹੈ ਜਿਸਦੀ ਬਰਾਬਰੀ ਕਰਨੀ, ਖਾਸ ਕਰ ਪੰਜਾਬੀ ਵਿਚ, ਨਾਮੁਮਕਿਨ ਹੈ ਕਿਉਂਕਿ ਲੇਖਕ ਵਿਅਕਤੀਆਂ ਦੇ ਇਲਾਵਾਂ ਖੇਤਰ ਦੀਆਂ ਪ੍ਰਚਲਿਤ ਰਵਾਇਤਾਂ ਅਤੇ ਭਾਸ਼ਾ ਦੀ ਭਿੰਨਤਾ ਦਾ ਜਾਣੂ ਹੈ।

ਸਾਰਾ ਨਿਜੀ ਜਤਨ ਸਮੂਹ-ਜਤਨ ਦਾ ਭਰਮ ਰਚਦਾ ਹੈ। ਇਹੋ ਲਗਨ ਦੀ ਪਰਿਭਾਸ਼ਾ ਕਹੀ ਜਾ ਸਕਦੀ ਹੈ। ਜਿਸ ਤੋਂ ਸੰਗੀਤ ਨਾਲ ਮੱਸ ਰੱਖਣ ਵਾਲਿਆਂ ਤੋਂ ਇਲਾਵਾ ਸਾਧਾਰਨ ਪਾਠਕ ਵੀ ਲਾਹਾ ਲੈਂਦੇ ਰਹਿਣਗੇ।ਇਸ ਲਈ ਕੰਵਲ ਦਾ ਜਿੰਨਾ ਵੀ ਧੰਨਵਾਦ ਕਰੀਏ ਥੋਹੜਾ ਹੈ।

ਬਹੁਪਖੀ ਸ਼ਖ਼ਸੀਅਤ- ਭਾਈ ਕਰਮ ਸਿੰਘ ਰਤਨ

ਸਤਨਾਮ ਸਿੰਘ

(ਭਾਈ ਕਰਮ ਸਿੰਘ ਰਤਨ ਸਾਡੇ ਮਿੱਤਰ ਹਨ।ਵਧੀਆ ਕੀਰਤਨੀਆ ਬਣਨ ਲਈ ਉਹਨਾਂ ਨੇ ਬਹੁਤ ਮਿਹਨਤ ਕੀਤੀ ਹੈ।ਇੱਕ ਕੀਰਤਨੀਏ ਨੂੰ ਨਿਜੀ, ਪਰਿਵਾਰਿਕ ਸੰਗਤੀ ਜੀਵਨ ਵਿੱਚ ਕਿਤਨਾ ਸੰਘਰਸ਼ ਕਰਨਾ ਪੈਂਦਾ ਹੈ ਇਹ ਆਮ ਸਰੋਤੇ ਨੂੰ ਪਤਾ ਨਹੀਂ ਲੱਗ ਸਕਦਾ।ਭਾਰਤ ਅਤੇ ਵਿਦੇਸ਼ਾਂ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਸਰਵਿਸ ਕਰਦਿਆਂ ਜਾਂ ਕੀਰਤਨ ਕਰਦਿਆਂ ਰਤਨ ਜੀ ਨੂੰ ਕੀ ਕੌੜੇ ਮਿੱਠੇ ਤਜਰਬੇ ਪ੍ਰਾਪਤ ਹੋਏ ਇਸ ਦਾ ਵੀ ਪਤਾ ਉਹਨਾਂ ਦੇ ਜੀਵਨ ਤੋਂ ਲੱਗਦਾ ਹੈ।ਪਹਿਲਾਂ ਭਾਈ ਗੁਰਮੀਤ ਸਿੰਘ ਜੋਸ਼ ਰਤਨ ਜੀ ਦੇ ਸੰਪਰਕ ਵਿੱਚ ਸਨ ਉਹ ਰਤਨ ਜੀ ਦੀਆਂ ਡਾਇਰੀਆਂ ਦੀ ਸਹਾਇਤਾ ਨਾਲ ਉਹਨਾਂ ਦੀ ਜੀਵਨੀ ਲਿਖ ਰਹੇ ਸਨ।ਹੁਣ ਅਸੀਂ ਉਹਨਾਂ ਦੇ ਸਪੁਤਰ ਸਤਨਾਮ ਸਿੰਘ ਨੂੰ ਬੇਨਤੀ ਕੀਤੀ ਹੈ ਉਹ ਰਤਨ ਜੀ ਦੀਆਂ ਡਾਇਰੀਆਂ ਵਾਚ ਕੇ ਜੀਵਨੀ ਲਿਖ ਕੇ ਭੇਜਣ।ਰਤਨ ਜੀ ਦੀ ਜੀਵਨੀ ਤੋਂ ਗੁਰਦੁਆਰਾ ਸਾਹਿਬਾਨ ਦੇ ਹਾਲਾਤ, ਪ੍ਰਬੰਧਕਾਂ ਦਾ ਕੀਰਤਨੀਆਂ ਪ੍ਰਤੀ ਰਵੱਈਆ ਆਦਿ ਦੀ ਜਾਣਕਾਰੀ ਮਿਲਦੀ ਹੈ। ਜੂਨ 2017 ਦੇ ਅੰਮ੍ਰਿਤ ਕੀਰਤਨ ਵਿਚ ਜੋ ਆਖਰੀ ਲੇਖ ਛਪਿਆ ਸੀ ਉਸ ਵਿੱਚ ਦੱਸਿਆ ਸੀ ਕਿ ਭਾ: ਕਰਮ ਸਿੰਘ ਰਤਨ (ਬੈਂਕੋਕ-ਥਾਈਲੈਂਡ) ਤੋਂ 5 ਜੁਲਾਈ ਸਨ 1948 ਨੂੰ ਵਾਪਸ ਇੰਡੀਆ ਆ ਗਏ ਹਨ, ਅਤੇ ਲਖਨਊ ਪਹੁੰਚ ਗਏ ਸਨ। ਹੁਣ ਉਸ ਤੋਂ ਅਗਲਾ ਹਾਲ ਅਸੀਂ ਆਪ ਪਾਠਕਾਂ ਸਾਹਮਣੇ ਰੱਖ ਰਹੇ ਹਾਂ-)

ਭਾਈ ਕਰਮ ਸਿੰਘ ਰਤਨ ਜੀ ਜੁਲਾਈ 1983 ਤੋਂ 5 ਜੁਲਾਈ 1984 ਤਕ ਇੱਕ ਸਾਲ ਦੇ ਕਰੀਬ ਥਾਈਲੈਂਡ, ਮਲੇਸ਼ੀਆ ਤੇ ਸਿੰਘਾਪੁਰ ਦੀ ਵਿਦੇਸ਼ ਯਾਤਰਾ ਕਰਕੇ ਵਾਪਸ ਘਰ ਪਰਤੇ।

ਵਿਦੇਸ਼ ਤੋਂ ਪਰਤਣ ਬਾਅਦ ਆਪ ਜੀ ਤਕਰੀਬਨ ਤਿੰਨ ਕੁ ਮਹੀਨੇ ਲਖਨਊ ਵਿਖੇ ਘਰ ਹੀ ਰਹੇ। ਫਿਰ ਆਪ ਜੀ ਨੇ ਕੁਛ ਸਮਾਂ ਕੀਰਤਨ ਯਾਤਰਾ ਕਰਨ ਬਾਰੇ ਸੋਚਿਆ।ਆਪ ਜੀ ਨੇ ਆਪਣੇ ਪੁਰਾਣੇ ਸਾਥੀ ਭਾਈ ਸੁਰਜਨ ਸਿੰਘ ਜੀ ਨੂੰ ਤਬਲੇ ਤੇ ਨਾਲ ਲਿਆ, ਤੇ ਭਾਈ ਰਜਿੰਦਰ ਸਿੰਘ ਆਲਮ ਬਾਗ ਨੂੰ ਵਾਜੇ ਤੇ ਨਾਲ ਲਿਆ। ਆਪ ਜੀ ਨੇ ਕੁਛ ਸਮਾਂ ਟੂਰ ਕੀਤਾ ਇਸ ਵਿਚ ਹਲਦਵਾਨੀ, ਨੈਨੀਤਾਲ, ਰੁਦਰਪਰ, ਮੁਰਾਦਾਬਾਦ, ਸਹਾਰਨ ਪੁਰ, ਚੰਡੀਗੜ, ਸੋਲਨ, ਸ਼ਿਮਲਾ, ਅੰਬਾਲਾ, ਸਹਾਰਨਪੁਰ ਤੇ ਮੇਰਠ ਆਦਿ ਸ਼ਹਿਰਾਂ ਵਿੱਚ ਕੀਰਤਨ ਕੀਤਾ। ਜਦੋਂ ਆਪ ਜੀ ਮੇਰਠ ਗੁਰਦੁਆਰਾ ਸਿੰਘ ਸਭਾ ਪਹੁੰਚੇ ਤਾਂ ਉਥੇ ਦੇ ਪ੍ਰਬੰਧਕ ਤੇ ਸੰਗਤ ਸਾਰੇ ਭਾਈ ਸਾਹਿਬ ਜੀ ਨੂੰ ਜਾਣਦੇ ਸਨ, ਕਿਉ ਕਿ ਆਪ ਪਹਿਲੇ ਵੀ ਉਥੇ ਚਾਰ ਸਾਲ ਕੀਰਤਨ ਦੀ ਸੇਵਾ ਕਰ ਚੁਕੇ ਸਨ।ਇੱਥੇ ਫਿਰ ਜਥੇ ਦੀ ਲੋੜ ਸੀ।ਕਮੇਟੀ ਨੇ ਆਪ ਜੀ ਨੂੰ ਪੱਕੇ ਰਖਣ ਦਾ ਫੈਸਲਾ ਕਰ ਲਿਆ।ਆਪਣਾ ਪਰਿਵਾਰ ਇੱਕੇ ਲਿਆਉਣ ਲਈ ਲਖਨਊ ਲਈ ਰਵਾਨਾ ਹੋ ਗਏ। ਲਖਨਊ ਜਾਣ ਵਾਸਤੇ ਟਰੇਨ ਲੈਣ ਲਈ ਆਪ ਮੇਰਠ ਤੋਂ ਮੁਰਾਦਾਬਾਦ ਚਲੇ

ਗਏ। ਜਦੋਂ ਆਪ ਜੀ ਰਾਤ ਠਹਿਰਣ ਲਈ ਮੁਰਾਦਾਬਾਦ ਗੁ: ਸਿੰਘ ਸਭਾ ਪੁਜੇ, ਤਾਂ ਉੱਥੇ ਵੀ ਰਾਗੀ ਜਥੇ ਦੀ ਜਰੂਰਤ ਸੀ। ਅਗਲੇ ਦਿਨ ਆਪ ਜੀ ਨੇ ਸਵੇਰੇ ਉੱਥੇ ਕੀਰਤਨ ਦੀ ਹਾਜ਼ਰੀ ਭਰੀ।ਕੀਰਤਨ ਸੁਣ ਕੇ ਸੰਗਤਾਂ ਅਤੇ ਪ੍ਰਬੰਧਕ ਬਹੁਤ ਪ੍ਰਸੰਨ ਹੋਏ।ਗੁਰਦੁਆਰਾ ਕਮੇਟੀ ਵਾਲੇ ਇਹਨਾਂ ਦੇ ਜਥੇ ਨੂੰ ਇੱਥੇ ਕੀਰਤਨ ਦੀ ਸਰਵਿਸ ਕਰਨ ਲਈ ਜ਼ੋਰ ਪਾਉਣ ਲੱਗੇ। ਭਾਈ ਕਰਮ ਸਿੰਘ ਜੀ ਨੇ ਕਿਹਾ ਅਸੀਂ ਮੇਰਠ ਸਰਵਿਸ ਦੀ ਗੱਲ ਪੱਕੀ ਕਰ ਆਏ ਹਾਂ ਇਸ ਲਈ ਸਾਡੇ ਇੱਕੇ ਰਹਿਣਾ ਮੁਸ਼ਕਲ ਹੈ।ਤਾਂ ਮੁਰਾਦਾਬਾਦ ਦੇ ਪ੍ਰਬੰਧਕਾਂ ਨੇ ਪੁਛਿਆ ਕਿ ਮੇਰਠ ਵਾਲੇ ਤੁਹਾਨੂੰ ਕੀ ਤਨਖਾਹ ਦੇ ਰਹੇ ਹਨ ਤਾਂ ਭਾਈ ਸਾਹਿਬ ਨੇ ਕਿਹਾ ਕਿ ਉਹ ਤਾਂ 2100 ਰੁਪਏ ਦੇਣਗੇ ਤਾਂ ਮੁਰਾਦਾਬਾਦ ਦੇ ਪ੍ਰਬੰਧਕ ਕਹਿਣ ਲੱਗੇ ਅਸੀਂ 3100% ਇਕਤੀ ਸੌ ਰੁਪਏ ਤਨਖਾਹ ਦੇਵਾਂਗੇ ਅਤੇ ਸਟੇਜ ਦੀ ਸਾਰੀ ਆਮਦਨ ਆਪ ਦੀ ਹੋਵੇਗੀ।ਉਹਨਾਂ ਦਿਨਾਂ ਵਿੱਚ ਇਹ ਤਨਖਾਹ ਬੜੀ ਵਡੀ ਗੱਲ ਸੀ।ਰਤਨ ਜੀ ਦੇ ਸਾਥੀ ਰਤਨ ਜੀ ਤੇ ਜ਼ੋਰ ਪਾਉਣ ਲੱਗੇ ਕਿ ਮੇਰਠ ਵਾਲਿਆਂ ਨੂੰ ਇਨਕਾਰ ਕਰ ਦਿਓ। ਪਰ ਰਤਨ ਜੀ ਨੇ ਕਿਹਾ ਇਹ ਚੰਗਾ ਨਹੀਂ ਲਗਦਾ।ਰਤਨ ਜੀ ਨੇ ਮੁਰਾਦਾਬਾਦ ਦੇ ਪ੍ਰਧਾਨ ਜੀ ਨੂੰ ਕਿਹਾ ਅਸੀਂ ਮੇਰਠ ਬਚਨ ਦੇ ਚੁੱਕੇ ਹਾਂ ਇਸ ਲਈ ਅਸੀਂ ਉਹਨਾਂ ਨੂੰ ਜਵਾਬ ਨਹੀਂ ਦੇ ਸਕਦੇ। ਪ੍ਰਧਾਨ ਜੀ ਕਹਿਣ ਲੱਗੇ ਕਿ ਮੈਨੂੰ ਉਥੇ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਦਾ ਫੋਨ ਨੰਬਰ ਦਿਓ ਮੈਂ ਆਪ ਗੱਲ ਕਰਦਾ ਹਾਂ। ਮੁਰਾਦਾਬਾਦ ਦੇ ਪ੍ਰਧਾਨ ਸਾਹਿਬ ਅਤੇ ਮੇਰਠ ਦੇ ਪ੍ਰਧਾਨ ਆਪਸ ਵਿੱਚ ਗੱਲਬਾਤ ਕੀਤੀ ਤੇ ਰਤਨ ਜੀ ਦੇ ਜਥੇ ਦੀ ਮੁਰਾਦਾਬਾਦ ਵਿਖੇ ਕੀਰਤਨ ਸਰਵਿਸ ਨੀਯਤ ਹੋ ਗਈ। ਅਕਤੂਬਰ 1984 ਤੋਂ ਡੀਊਟੀ ਸੇਵਾ ਸ਼ੁਰੂ ਕਰਨ ਦੀ ਗਲ ਪਕੀ ਹੋ ਗਈ ਤੇ ਫਿਰ ਰਤਨ ਜੀ ਲਖਨਊ ਚਲੇ ਗਏ।

(ਚਲਦਾ)

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ ॥

Jaagata Joti Japai Nisa Baasur Eeku Binaa Mani Naika Na Aani ||

He is the true Khalsa (Sikh), who remembers the ever-awakened Light throughout night and day and does not bring anyone else in the mind

ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ ॥

Pooran Parema Parteet Sajai Barta Gora Marhahee Mattha Bhoola Na Maani ||

He practices his vow with whole heated affection and does not believe in even by oversight, the graves, Hindu monuments and monasteries

ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ ॥

Teeratha Daan Daeiaa Tapa Saanjama Eeku Binaa Nahi Eeka Pachhaani ||

He does not recognize anyone else except One Lord, not even the bestowal of charities,

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨ ਖਾਲਸ ਜਾਨੈ ॥੧॥

Pooran Joti Jagai Ghatta Mai Taba Khaalasa Taahi Na Khaalasa Jaani ||1||

Performance of merciful acts, austerities and restraint on pilgrim-stations the perfect light of the Lord illuminates his heart, then consider him as the immaculate Khalsa.1.

ਰਾਗ ਸੂਹਾ ਕਾਨ੍ਹੜਾ

ਕਾਫੀ ਠਾਠ ਦੇ ਇਸ ਰਾਗ ਵਿੱਚ ਧੈਵਤ ਵਰਜਤ ਹੈ ਆਰੋਹ ਵਿੱਚ ਰਿਖਬ ਬਾਰੇ ਮਤਭੇਦ ਹੈ ਜੇ ਰਿਖਬ ਵਰਜਤ ਨਹੀਂ ਤਾਂ ਦੁਰਬਲ ਜ਼ਰੂਰ ਹੈ। ਇਸ ਰਾਗ ਵਿੱਚ ਗੰਧਾਰ ਅਤੇ ਨਿਖਾਦ ਕੋਮਲ ਪਰ ਬਾਕੀ ਸੁਰ ਸ਼ੁੱਧ ਹਨ। ਕਰਾਮਿਕ ਪੁਸਤਕ ਮਾਲਿਕਾ ਭਾਗ 6 ਵਿੱਚ ਸੂਹਾ ਦੀਆਂ ਕੁਝ ਬੰਦਿਸ਼ਾਂ ਵਿੱਚ ਸ਼ੁੱਧ ਨਿਖਾਦ ਦਾ ਪ੍ਰਯੋਗ ਕੀਤਾ ਹੋਇਆ ਹੈ ਜੋ ਸੂਹਾ ਕਾਨ੍ਹੜਾ ਨੂੰ ਸਾਰੰਗ ਦੇ ਨਜ਼ਦੀਕ ਲੈ ਜਾਂਦਾ ਲੱਗਦਾ ਹੈ। ਇਸ ਰਾਗ ਦਾ ਵਾਦੀ ਸੁਰ ਮੱਧਯਮ ਅਤੇ ਸੰਵਾਦੀ ਖਰਜ ਹੈ। ਅਵਰੋਹ ਵਿੱਚ ਕੋਮਲ ਗੰਧਾਰ ਅੰਦੋਲਿਤ ਅਤੇ ਵਕ੍ਰ ਰੀਤੀ ਨਾਲ ਲੱਗਦਾ ਹੈ। ਮੱਧਯਮ ਸੁਰ ਇਸ ਰਾਗ ਵਿੱਚ ਨਿਆਸ ਦਾ ਸੁਰ ਹੈ ਅਤੇ ਬਹੁਤ ਚਮਕਦਾ ਹੈ। ਇਸ ਦੇ ਗਾਉਣ ਦਾ ਸਮਾ ਦੁਪਹਿਰ ਦਾ ਹੈ।

ਚਾਲ: ਸ ਨ਼ੁ - ਸ, ਨ਼ੁ ਸ [ਮ]ਗੁ - ਮ - ਪ ਨੁ ਪ ਗੁ - ਮ - ਗੁ ਮ [ਸ]ਰ - ਸ, ਨ਼ੁ ਸ [ਮ]ਗੁ - ਮ - ਪ ਮ ਗੁ ਮ - [ਸ]ਰ - ਸ, ਪ ਮ ਗੁ ਮ - ਪ ਨੁ ਪ - ਮ ਪ [ਮ]ਗੁ - ਮ - ਪ ਸੰ - [ਪ]ਨੁ - ਪ, ਮ ਪ [ਮ]ਗੁ - ਮ [ਸ]ਰ - ਸ, ਨੁ ਪ ਮ ਪ ਨੁ ਪ ਸੰ, ਪ ਨੁ ਮ ਪ ਸੰ, ਨੁ ਪ ਮ ਪ [ਮ]ਗੁ - ਮ - [ਸ]ਰ - ਸ, ਨ਼ੁ ਸ [ਮ]ਗੁ ਮ - ਮ ਨੁ ਪ ਨੁ ਪ ਸੰ, [ਮ]ਗੁ ਮ ਪ ਨੁ ਪ ਸੰ, ਸੰ ਨੁ ਸੰ ਰੰ ਸੰ, [ਮੰ]ਗੁ ਮੰ [ਸੰ]ਰੰ ਸੰ, ਸੰ ਨੁ ਪ ਮ ਪ ਸੰ ਨੁ ਪ, ਮ ਪ ਗੁ ਮ ਪ ਸੰ - ਨੁ ਪ [ਮ]ਗੁ - ਮ - [ਸ]ਰ - ਸ।

ਅਸਥਾਈ

ਪਨੁ	ਪਮ	ਗੁਮ	ਪਪ	ਸੰ	ਸੰ	ਰਸ	ਸਰ	[ਮ]ਗੁ	-	ਮ	ਮ	ਪ	-	ਮ	ਪ
ਮੋੱ਽	਽਽	਽਽	ਬਉ	਽	ਰੀ	ਮੋੱ਽	ਰਾ਽	ਰਾ	਽	ਮ	ਭ	ਤਾ	਽	਽	ਰ
ਨ਼ੁ	ਸ	[ਮ]ਗੁ	[ਮ]ਗੁ	ਮ	-	ਮ	ਮ	[ਮ]ਗੁ	[ਮ]ਗੁ	ਗੁ	ਮ	[ਸ]ਰ	-	ਸ	ਸ
ਰ	ਚ	ਰ	ਚ	ਤਾ	਽	ਕ	ਉ	ਕ	ਰ	ਉ	ਸਿ	ਗਾ	਽	਽	ਰ
0				3				x				2			

ਅੰਤਰਾ

ਮ	ਮ	ਪ	ਪ	ਮ	ਮ	ਨੁ	ਪ	ਮ	ਪ	ਨੁ	ਪ	ਪ	ਨੁਪ	ਪ	ਸੰ
ਭ	ਲੇ	ਨਿੰ	ਦਉ	ਭ	ਲੇ	ਨਿੰ	ਦਉ	ਭ	ਲੇ	ਨਿੰ	ਦਉ	ਲੋ	਽਽	਽	ਗ
ਨੁ	ਸੰ	[ਮੰ]ਗੁੰ	ਮੰ	[ਸੰ]ਰੰ	-	ਸੰ	ਸੰ	[ਮ]ਗੁ	[ਮ]ਗੁ	ਮ	-	[ਸ]ਰ	-	ਸ	ਸ,
ਤ	ਨ	ਮ	ਨ	ਰਾ	਽	ਮ	ਪਿ	ਆ	਽	ਰੇ	਽	ਜੋ	਽	਽	ਗ,
[ਸ]ਨ਼ੁ	ਸ	[ਮ]ਗੁ	[ਮ]ਗੁ	ਮ	-	ਮ	ਪ								
ਰ	ਚ	ਰ	ਚ	ਤਾ	਽	ਕ	ਉ								
0				3				x				2			

ਸੁਰਲਿਪੀ ਵਾਲੇ ਸ਼ਬਦ ਦੇ ਅਰਥ

ਮੈ ਬਉਰੀ ਮੇਰਾ ਰਾਮੁ ਭਤਾਰੁ ॥

I am crazy - the Lord is my Husband.

ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥

I decorate and adorn myself for Him. ||1||

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥

Slander me well, slander me well, slander me well, O people.

ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥

My body and mind are united with my Beloved Lord. ||1||Pause||

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥

Do not engage in any arguments or debates with anyone.

ਰਸਨਾ ਰਾਮ ਰਸਾਇਨੁ ਪੀਜੈ ॥੨॥

With your tongue, savor the Lord's sublime essence. ||2||

ਅਬ ਜੀਅ ਜਾਨਿ ਐਸੀ ਬਨਿ ਆਈ ॥

Now, I know within my soul, that such an arrangement has been made;

ਮਿਲਉ ਗੁਪਾਲ ਨੀਸਾਨੁ ਬਜਾਈ ॥੩॥

I will meet with my Lord by the beat of the drum. ||3||

ਉਸਤਤਿ ਨਿੰਦਾ ਕਰੈ ਨਰੁ ਕੋਈ ॥

Anyone can praise or slander me.

ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥

Naam Dayv has met the Lord. ||4||4||